# ੴ ਅੰਮ੍ਰਿਤ ਕੀਰਤਨ

**ਸੰਗੀਤ ਅਤੇ ਕੀਰਤਨ ਸਬੰਧੀ ਤ੍ਰੈਭਾਸ਼ੀ ਮਾਸਿਕ ਪੱਤਰ**

ਅੰਕ 7 ▯ ਸਾਲ ਵੀਹਵਾਂ ▯ ਜੁਲਾਈ 2008



ਸੰਪਾਦਕ (ਆਨਰੇਰੀ)

**ਡਾ. ਜਾਗੀਰ ਸਿੰਘ**

ਐਮ.ਏ. (ਸੰਗੀਤ, ਪੰਜਾਬੀ, ਧਾਰਮਿਕ ਅਧਿਐਨ), ਪੀ.ਐਚ.ਡੀ

ਸਹਿਯੋਗੀ

**ਸ. ਹਰਭਜਨ ਸਿੰਘ ▲ ਸ. ਉੱਤਮ ਸਿੰਘ**



▲ ਲੇਖਾਂ ਵਿੱਚ ਪ੍ਰਗਟਾਏ ਵਿਚਾਰ ਲੇਖਕਾਂ ਦੇ ਨਿੱਜੀ ਹਨ। ਇਨ੍ਹਾਂ ਨਾਲ ਸੰਪਾਦਕ ਜਾਂ ਅੰਮ੍ਰਿਤ ਕੀਰਤਨ ਟ੍ਰਸਟ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

▲ 'ਅੰਮ੍ਰਿਤ ਕੀਰਤਨ' ਡਾਇਰੈਕਟਰ ਸਿੱਖਿਆ ਵਿਭਾਗ ਪੰਜਾਬ, ਚੰਡੀਗੜ੍ਹ ਦੇ ਪੱਤਰ ਨੰ: 4.8.90 ਮਿਤੀ 20.2.91 ਅਨੁਸਾਰ ਰਾਜ ਦੇ ਸੀਨੀਅਰ ਸੈਕੰਡਰੀ ਸਕੂਲਾਂ ਦੀਆਂ ਲਾਇਬ੍ਰੇਰੀਆਂ ਲਈ ਪ੍ਰਵਾਨਿਤ ਹੈ।

▲ Donations are eligible for relief u/s 80G of Income-Tax Act, 1961 (43 of 1961) vide CIT - I / CHD / TECH / 80G / 2008 - 939 dated 19/05/2008 valid upto 31.03.2012



**ਚਿੱਠੀ ਪੱਤਰ ਅਤੇ ਰਚਨਾਵਾਂ ਭੇਜਣ ਲਈ ਪਤਾ**

ਸੰਪਾਦਕ, 'ਅੰਮ੍ਰਿਤ ਕੀਰਤਨ'

422, ਸੈਕਟਰ 15-ਏ, ਚੰਡੀਗੜ੍ਹ 160 015

**ਫੋਨ** : 0172-2772660, 098140 53630

e-mail: drjagirsingh@gmail.com

Website: www.gurshabad.com



Computer Type Setting

sohal specials Phone: 98788 23351

ਡਾ. ਜਾਗੀਰ ਸਿੰਘ, ਪ੍ਰਧਾਨ 'ਅੰਮ੍ਰਿਤ ਕੀਰਤਨ ਟ੍ਰਸਟ' ਨੇ

**ਸਿਰਜਣਾ ਪ੍ਰਿੰਟਰਜ਼ ਅਤੇ ਸਟੇਸ਼ਨਰਜ਼**

ਐਸ.ਸੀ.ਐਫ. 107, ਫੇਜ਼-7, ਮੁਹਾਲੀ ਤੋਂ ਛਪਵਾ ਕੇ

422, ਸੈਕਟਰ 15-ਏ, ਚੰਡੀਗੜ੍ਹ ਤੋਂ ਪ੍ਰਕਾਸ਼ਿਤ ਕੀਤਾ


## ਇਸ ਅੰਕ ਵਿਚ


**ਮਿਤ੍ਰ ਅਸਾਡੜੇ ਸੇਈ** 2
*ਪਾਠਕਾਂ ਦੇ ਪੱਤਰ*

**ਕਰਉ ਬੇਨੰਤੀਆ** 6
*ਸੰਪਾਦਕੀ*

**ਸਾਧ ਸੰਗਤ** 7
*ਡਾ. ਸੁਰਜੀਤ ਸਿੰਘ 'ਕੁੰਜਾਹੀ'*

**ਰਾਇ ਬਲਵੰਡ ਤੇ ਸੱਤਾ (ਰਬਾਬੀ)** 12
*ਦਿਆਲ ਸਿੰਘ ਪ੍ਰਿੰਸੀਪਲ*

**ਮਨੁੱਖੀ ਜੀਵਨ ਵਿਚ ਸੰਗੀਤ ਦੀ ਮਹੱਤਤਾ** 17
*ਜਸਵੀਰ ਸਿੰਘ ਸਿੱਧੂ*

**BHAI SUMAND SINGH RAGI** 20
*Balwant Gargi*

**ਸੁਰ ਲਿਪੀ** 23
*ਹਰਦੀਪ ਕੌਰ*
**ਸੁਰ ਲਿਪੀ ਵਾਲੇ ਸ਼ਬਦ ਦੇ ਅਰਥ** 24

## ਮਿਤ੍ਰ ਅਸਾਡੜੇ ਸੇਈ

■ ਆਸ ਹੈ ਪ੍ਰਮਾਤਮਾ ਦੀ ਕਿਰਪਾ ਨਾਲ ਚੜ੍ਹਦੀ ਕਲਾ ਵਿਚ ਹੋਵੋਗੇ। ਤੁਸੀਂ ਬੜੀ ਹਿੰਮਤ ਨਾਲ ਅੰਮ੍ਰਿਤ ਕੀਰਤਨ ਨਿਰੰਤਰ ਕੱਢ ਰਹੇ ਹੋ। ਇਸ ਲਈ ਵਧਾਈ ਦੇ ਪਾਤਰ ਹੋ। ਪੰਜਾਬ ਵਿਚ ਸੰਗੀਤ ਕਲਾ ਬਾਰੇ ਮਾਸਿਕ ਰਸਾਲਾ ਕੱਢਣ ਦੀ ਲੋੜ ਵੀ ਹੈ ਤੇ ਹੈ ਵੀ ਔਖਾ ਕੰਮ।

*ਡਾ. ਨਿਵੇਦਿਤਾ ਸਿੰਘ*
*ਸੀ-24, ਪੰਜਾਬੀ ਯੂਨੀਵਰਸਿਟੀ ਕੈਂਪਸ, ਪਟਿਆਲਾ*

■ ਗੁਰੂ ਸੰਗਤ ਅੱਗੇ ਸਮਸਿਆਵਾਂ

ਤੁਸਾਂ ਆਮ ਲੋਕਾਂ ਨੂੰ ਆਪਣੇ ਦੁੱਖ ਸੁੱਖ, ਸਮਸਿਆਵਾਂ ਲਿਖ ਕੇ ਸਾਂਝੀਆਂ ਕਰਨ ਲਈ ਸਕੀਮ ਬਣਾਈ ਹੈ। ਇਸੇ ਤਰ੍ਹਾਂ ਵਾਹਿਗੁਰੂ ਹਰ ਕਿਸੇ ਦੇ ਸਬੱਬ ਸੰਜੋਗ ਬਣਾ ਦੇਂਦਾ ਹੈ। ਮੇਰੀ ਸਮਸਿਆ ਇਸ ਤਰ੍ਹਾਂ ਹੈ ਕਿ ਮੈਂ ਪਿਛਲੇ 30 ਸਾਲਾਂ ਤੋਂ ਗੁਰਮਤਿ ਪ੍ਰਚਾਰ ਦੀਆਂ 15 ਪੁਸਤਕਾਂ ਛਪਵਾ ਕੇ ਵੰਡ ਚੁੱਕਾ ਹਾਂ। ਦਸਵੰਧ 12 ਲੱਖ ਰੁਪਏ ਤੱਕ ਖਰਚ ਵੀ ਕਰ ਚੁੱਕਾ ਹਾਂ ਕਿ ਗੁਰੂ ਦੇ ਪ੍ਰਚਾਰ ਘਰ ਘਰ ਤੱਕ ਹੋ ਸਕਣ। ਪਰ ਦੁੱਖ ਹੈ ਕਿ ਗੁਰਦੁਆਰਿਆਂ ਦੇ ਪ੍ਰਧਾਨ ਵਪਾਰੀ ਦੁਕਾਨਦਾਰ ਜਾਂ ਸਿਆਸੀ ਲੋਕ ਹਨ। ਇਨ੍ਹਾਂ ਨੂੰ ਕੋਈ ਰੁਚੀ, ਸ਼ੌਕ, ਦਿਲਚਸਪੀ ਹੀ ਨਹੀਂ, ਜਿਸ ਪ੍ਰਧਾਨ ਨੂੰ ਪੁਸਤਕਾਂ ਭੇਜੀਆਂ ਕੋਈ ਉੱਤਰ ਨਹੀਂ, ਕੋਈ ਲਾਗਤ ਖਰਚ ਵੀ ਨਹੀਂ ਦੇਂਦਾ।

ਚੰਡੀਗੜ੍ਹ ਵਿਚ 40 ਗੁਰਦੁਆਰੇ ਹਨ। ਮੋਹਾਲੀ ਵਿਖੇ 9 ਗੁਰਦਆਰੇ ਹਨ। ਕਲਕੱਤਾ ਵਿਖੇ 40 ਗੁਰਦੁਆਰੇ, ਦਿੱਲੀ ਵਿਖੇ 150, ਜਲੰਧਰ, ਲੁਧਿਆਣਾ ਦੇ ਸਾਰੇ ਗੁਰਦੁਆਰੇ ਪ੍ਰਧਾਨਾਂ ਨੂੰ ਦੋ ਦੋ ਪੁਸਤਕਾਂ ਬਿਲ 'ਕਲਿ ਤਾਰਣ ਗੁਰੂ ਨਾਨਕ ਆਯਾ' 2001 ਵਿਚ ਭੇਜੀਆਂ ਸਨ। ਇਕ ਪ੍ਰਧਾਨ ਸਾਹਿਬ ਨੂੰ 4 ਪੁਸਤਕਾਂ ਦੋ ਸਕੂਲ ਅਤੇ ਦੋ ਗੁਰਦੁਆਰਾ ਸਾਹਿਬ ਲਈ ਭੇਜ ਕੇ ਬਿਲ 200/- ਰੁਪਏ ਦਾ ਭੇਜੇ ਪਰ ਜਦੋਂ ਟੈਲੀਫੋਨ ਤੇ ਸੰਪਰਕ ਕਰਕੇ ਬਿਲ ਦੀ ਰਕਮ ਲਈ ਕਿਹਾ ਤਾਂ ਉਤਰ ਮਿਲਿਆ ਤੁਸੀਂ ਇਹ ਭੇਜੀਆਂ ਹੀ ਕਿਉਂ? ਸੋ ਕੋਈ ਰਕਮ ਨਹੀਂ। ਹੁਣ ਮੈਂ ਵਾਹਿਗੁਰੂ ਦੇ ਹੁਕਮ ਅਨੁਸਾਰ ਪੁਸਤਕ 'ਨਾਨਕ ਨਿਰਮਲ ਪੰਥ ਚਲਾਯਾ' 130 ਪੰਨੇ ਤਿਆਰ ਕੀਤੀ ਹੈ, ਸਿੱਖ ਧਰਮ ਦੀ ਵਿਲੱਖਣਤਾ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਸੁਚੱਜੀ ਜੀਵਨ ਜਾਂਚ ਹੈ। ਮੈਂ ਸੋਚਦਾ ਅਰਦਾਸ ਕਰਦਾ ਹਾਂ ਕਿ ਖਾਲਸਾ ਸਕੂਲਾਂ ਕਾਲਜਾਂ ਗੁਰਦੁਆਰਿਆਂ ਸੰਸਥਾਵਾਂ ਨੂੰ ਕਿਵੇਂ ਭੇਜਾਂ ਜਦੋਂ ਕੋਈ ਇਸ ਦੀ ਲਾਗਤ ਭੇਟਾ ਖਰਚ ਵੀ ਦੇਣ ਨੂੰ ਤਿਆਰ ਨਹੀਂ ਹੈ। ਆਮ ਲੋਕ ਵਿਸਕੀ ਲਈ ਹਜ਼ਾਰਾਂ ਲੱਖਾਂ ਖਰਚ ਕਰਦੇ ਹਨ ਪਰ ਗੁਰਮਤਿ ਲਈ ਚੁਪ ਕਿਉਂ? ਪ੍ਰਚਾਰ ਕਿਵੇਂ ਹੋਵੇ।

ਮੈਂ 23 ਸਾਲਾਂ ਤੋਂ ਵਕਾਲਤ ਦਾ ਲਾਈਸੈਂਸ ਪ੍ਰਾਪਤ ਹਾਂ। ਪਰ ਮੈਨੂੰ ਹੁਕਮ ਹੈ ਕਿ ਅਦਾਲਤਾਂ ਵਿਚ ਝੂਠ ਨਹੀਂ ਕਹਿਣਾ। ਸੋ ਮੈਂ ਅਦਾਲਤ ਵੱਲ ਕਦੇ ਨਹੀਂ, ਸਗੋਂ ਗੁਰਮਤਿ ਪ੍ਰਚਾਰ ਦੇ 8 ਹਜ਼ਾਰ ਲੇਖ 16 ਪੁਸਤਕਾਂ ਛਪਵਾ ਕੇ ਵੰਡ ਚੁੱਕਾ ਹਾਂ। ਆਪਣੀ ਪੈਨਸ਼ਨ ਖਰਚ ਕਰ ਰਿਹਾ ਹਾਂ। ਵਾਹਿਗੁਰੂ ਦਾ ਹੁਕਮ ਮੰਨ ਰਿਹਾ ਹਾਂ ਕਿ ਪ੍ਰਚਾਰ ਕਰੋ। ਪਰ ਕਿਸੇ ਤੋਂ ਕੋਈ ਹੁੰਗਾਰਾ ਸਹਿਯੋਗ ਨਹੀਂ। ਤੁਸੀ ਸੂਝਵਾਨ ਹੋ, ਢੰਗ ਦੱਸਣਾ ਜੀ।

*ਸਤਨਾਮ ਸਿੰਘ ਖਾਲਸਾ*
*ਡਾਕ: ਆਰ.ਐਸ. ਮਿਲਜ਼, ਅੰਮ੍ਰਿਤਸਰ 143 005*

■ ਮੈਂ ਜੋ ਆਪ ਨੂੰ ਦੱਸ ਰਹੀ ਹਾਂ, ਪਤਾ ਨਹੀਂ ਤੁਹਾਡੇ ਲਈ ਸਮਸਿਆ ਹੈ ਵੀ ਕਿ ਨਹੀਂ। ਪਰ ਮੈਂ ਬਹੁਤ ਦੁਖੀ ਹਾਂ, ਥੱਕ ਚੁੱਕੀ ਹਾਂ।

ਮੈਂ ਐਮ. ਏ. ਫਾਈਨ ਆਰਟਸ ਵਿਚ ਫਸਟ ਡਵਿਜ਼ਨ ਵਿਚ ਰਹਿ ਕੇ ਕੀਤੀ। ਇਕ ਸਕੂਲ ਵਿਚ ਨੌਕਰੀ ਮਿਲ ਗਈ। ਮੇਰੇ ਪਿਤਾ ਜੀ ਨੇ ਲੋਕਲ ਹੀ ਇਕ ਬੜੇ ਗੁਰਮੁੱਖ ਪਰਿਵਾਰ ਵਿਚ ਮੇਰਾ ਵਿਆਹ ਕਰ

ਦਿੱਤਾ। ਮੇਰੇ ਪਤੀ ਸਾਬਤ ਸੂਰਤ ਪੱਕੇ ਗੁਰਸਿੱਖ ਹਨ। ਮੇਰੇ ਸੱਸ ਜੀ ਵੀ ਬੜੇ ਗੁਰਮੁਖ ਹਨ। ਮੇਰੇ ਸਹੁਰਾ ਜੀ ਨਹੀਂ ਹਨ। ਮੈਂ ਜਦੋਂ ਦੀ ਇਸ ਘਰ ਵਿਚ ਆਈ ਹਾਂ। ਮੇਰੇ ਪਤੀ ਦਾ ਨਿੱਤਨੇਮ ਹੈ, ਉਹ ਸਵੇਰੇ 4 ਵਜੇ ਉਠ ਕੇ ਕੇਸੀ ਇਸ਼ਨਾਨ ਕਰਕੇ ਸਿਮਰਨ ਕਰਦੇ ਹਨ। ਫਿਰ ਪੰਜ ਬਾਣੀਆਂ ਦਾ ਪਾਠ ਕਰਦੇ ਹਨ। ਫਿਰ ਮੇਰੀ ਸੱਸ ਜੀ ਅਤੇ ਮੇਰੇ ਪਤੀ ਜੀ ਆਸਾ ਦੀ ਵਾਰ ਕੀਰਤਨ ਟੀ.ਵੀ. ਤੋਂ ਦੇਖਦਿਆਂ ਦੇਖਦਿਆਂ ਅਰਦਾਸ ਕਰਦੇ ਹਨ। ਮੈਂ ਵੀ ਸਵੇਰੇ 5 ਵਜੇ ਉੱਠ ਕੇ ਛੇਤੀ ਛੇਤੀ ਇਸ਼ਨਾਨ ਕਰਦੀ ਹਾਂ ਤੇ ਰਸੋਈ ਵਿਚ ਚਲੀ ਜਾਂਦੀ ਹਾਂ। ਆਪਣੀ ਸੱਸ ਅਤੇ ਪਤੀ ਨੂੰ ਦੁੱਧ ਗਰਮ ਕਰਕੇ ਦਿੰਦੀ ਹਾਂ ਕਿਉਂਕਿ ਉਹ ਚਾਹ ਨਹੀਂ ਪੀਂਦੇ। ਮੈਂ ਆਪ ਚਾਹ ਪੀ ਕੇ ਸਾਰਿਆਂ ਦਾ ਨਾਸ਼ਤਾ ਤਿਆਰ ਕਰਦੀ ਹਾਂ, ਨਾਲ ਹੀ ਦੁਪਹਿਰ ਦਾ ਖਾਣਾ ਬਣਾਂਦੀ ਹਾਂ। ਮੈਂ ਅਤੇ ਮੇਰੇ ਪਤੀ ਨੇ ਨਾਲ ਲੈ ਕੇ ਜਾਣਾ ਹੁੰਦਾ ਹੈ। ਨਾਲ ਹੀ ਸੱਸ ਜੀ ਦੇ ਦੋ ਫੁਲਕੇ ਲਾਹ ਦਿੰਦੀ ਹਾਂ। ਭਾਜੜ ਭਾਜੜ ਵਿਚ ਆਪ ਨਾਸ਼ਤਾ ਲੈਂਦੀ ਹਾਂ, ਤਿਆਰ ਹੁੰਦੀ ਹਾਂ ਤੇ ਮੇਰੀ ਸਕੂਲ ਬੱਸ ਆ ਜਾਂਦੀ ਹੈ। ਸਕੂਲ ਬੱਸ ਵਿਚ ਬੈਠ ਕੇ ਕੁਝ ਚੈਨ ਮਿਲਦਾ ਹੈ। ਸਕੂਲ ਜਾ ਕੇ ਬੱਚਿਆਂ ਨੂੰ ਪੜ੍ਹਾਉਂਦੀ ਹਾਂ। ਅਜ ਕਲ੍ਹ ਖਿੱਝ ਬਹੁਤ ਚੜ੍ਹੀ ਰਹਿੰਦੀ ਹੈ। ਪਹਿਲਾਂ ਤਾਂ ਮੈਂ ਖੁਸ਼ ਰਹਿੰਦੀ ਸੀ। ਪਰ ਹੁਣ ਤਾਂ ਉਹ ਖੁਸ਼ ਰਹਿਣਾ ਜਿਵੇਂ ਸੁਪਨਾ ਹੋ ਗਿਆ ਹੈ। ਮੈਂ ਚਾਰ ਵਜੇ ਘਰ ਪਹੁੰਚਦੀ ਹਾਂ। ਮੇਰੇ ਸੱਸ ਜੀ ਗੁਟਕਾ ਲੈ ਕੇ ਸੁਖਮਨੀ ਸਾਹਿਬ ਦੇ ਦੋ ਪਾਠ ਕਰਦੇ ਹਨ। ਇੱਕ ਆਪਣੇ ਲਈ ਇਕ ਸਾਡੇ ਲਈ। ਉਹ ਕਹਿੰਦੇ ਹਨ ਕਿ ਮੈਂ ਪੋਤਰਾ ਚਾਹੁੰਦੀ ਹਾਂ। ਸਾਡੇ ਵਿਆਹ ਨੂੰ ਦੋ ਸਾਲ ਹੋ ਗਏ ਹਨ ਅਜੇ ਤੱਕ ਕੋਈ ਬੱਚਾ ਨਹੀਂ।

ਮੇਰੇ ਪਤੀ ਸਾਢੇ ਪੰਜ ਵਜੇ ਦਫ਼ਤਰ ਤੋਂ ਆਉਂਦੇ ਹਨ। ਮੈਂ ਦੋਹਾਂ ਮਾਂ ਪੁੱਤਰਾਂ ਨੂੰ ਦੁੱਧ ਦੇ ਕੇ ਆਪ ਚਾਹ ਦਾ ਕੱਪ ਲੈ ਕੇ ਰਸੋਈ ਵਿਚ ਚਲੀ ਜਾਂਦੀ ਹਾਂ। ਰਾਤ ਦਾ ਖਾਣਾ ਤਿਆਰ ਕਰਨ ਲੱਗ ਪੈਂਦੀ ਹਾਂ। ਪਤੀ ਜੀ 9-10 ਵਜੇ ਸੌਂ ਜਾਂਦੇ ਹਨ ਕਿਉਂਕਿ ਉਨ੍ਹਾਂ ਨੇ ਸਵੇਰੇ ਅੰਮ੍ਰਿਤ ਵੇਲੇ ਉੱਠਣਾ ਹੁੰਦਾ ਹੈ।

ਮੈਨੂੰ ਸਮਝ ਨਹੀਂ ਆ ਰਹੀ ਮੇਰਾ ਇਸ ਗੁਰਮੁਖ ਪਰਿਵਾਰ ਵਿਚ ਭਵਿੱਖ ਕੀ ਹੈ। ਮੈਂ ਬਹੁਤ ਵੱਡੀ ਆਰਟਿਸਟ ਬਣਨਾ ਚਾਹੁੰਦੀ ਸੀ। ਸਕੂਲ ਕਾਲਜ ਵਿਚ ਬੜੇ ਇਨਾਮ ਜਿੱਤੇ ਸਨ।

ਹੁਣ ਜਦੋਂ ਮੈਂ ਆਪਣੇ ਪੇਕੇ ਜਾਂਦੀ ਹਾਂ ਤਾਂ ਮਾਤਾ ਪਿਤਾ ਕਹਿੰਦੇ ਹਨ ਕਿ ਤੂੰ ਖੁਸ਼ ਨਹੀਂ ਦਿਸਦੀ। ਮੈਂ ਕੀ ਕਰਾਂ?

ਤੁਹਾਡਾ ਮੈਗਜ਼ੀਨ ਸਾਡੇ ਸਕੂਲ ਵਿਚ ਆਉਂਦਾ ਹੈ। ਉਥੇ ਤੁਹਾਡਾ ਐਡੀਟੋਰੀਅਲ ਪੜ੍ਹਿਆ ਮੈਂ ਸੋਚਿਆ ਕਿ ਮੈਂ ਵੀ ਆਪਣਾ ਦੁੱਖੜਾ ਗੁਰੂ ਰੂਪ ਸੰਗਤ ਵਿਚ ਰੱਖਾਂ। ਕੀ ਮੇਰੇ ਪਤੀ ਅਤੇ ਸੱਸ ਵਾਕਿਆ ਹੀ ਗੁਰਮੁਖ ਹਨ। ਜੇ ਉਹ ਗੁਰਮੁਖ ਹਨ ਤਾਂ ਮੈਂ ਜਿਸ ਨੂੰ ਪਾਠ ਕਰਨ ਦਾ ਸਮਾਂ ਨਹੀਂ ਮਿਲਦਾ-ਮਨਮੁੱਖ ਹੋਈ। ਕੀ ਸਿੱਖ ਧਰਮ ਵਿਚ ਮੇਰੇ ਵਰਗੀਆਂ ਉੱਚੇ ਸੁਪਨੇ ਲੈਣ ਵਾਲੀਆਂ ਕੁੜੀਆਂ ਲਈ ਕੋਈ ਥਾਂ ਨਹੀਂ।

ਗੁਰੂ ਰੂਪ ਸੰਗਤ ਮੇਰੀ ਭੁੱਲ ਚੁੱਕ ਨੂੰ ਖਿਮਾ ਕਰਨਾ ਮੈਨੂੰ ਕੋਈ ਰਾਹ ਦੱਸਣ ਦੀ ਕ੍ਰਿਪਾ ਕਰੋ ਜੀ।

*ਇਕ ਵਿਚਾਰੀ।*

□ 'ਅਮ੍ਰਿਤ ਕੀਰਤਨ' ਇਸ ਵਾਰ ਕੁਝ ਨਵੀਂ ਜਾਣਕਾਰੀ ਨਾਲ ਹਾਜ਼ਰ ਹੋਇਆ ਹੈ। ਹਾਰਮੋਨੀਅਮ ਬਾਰੇ ਜੋ ਕਿਹਾ ਗਿਆ ਹੈ, ਹੈਰਾਨ ਕੁੰਨ ਹੈ। ਇਕ ਸਦੀ ਦੇ ਦਰਮਿਆਨ ਇਹ ਭਾਰਤ ਦੀ ਲੰਬੀ ਸ਼ਾਸਤਰੀ ਸੰਗੀਤ ਪ੍ਰੰਪਰਾ ਵਿਚ ਘੁਸਪੈਠ ਕਰ ਗਿਆ। ਲਗਦਾ ਹੈ ਜੇ ਕਦੇ ਵਿਰੋਧ ਹੋਇਆ ਵੀ ਤਾਂ ਉਪਰੋਂ ਉਪਰੋਂ ਹੀ। ਸੌਖ ਨੇ ਜੋ ਕੀਤਾ ਉਹਦੇ ਵਾਸਤੇ ਕੋਈ ਤਾਂ ਜ਼ਿੰਮੇਵਾਰ ਹੋਵੇਗਾ, ਮੁੱਖ ਤੌਰ ਤੇ ਜਿਸ ਨੇ ਇਹਦੀ ਵਰਤੋਂ ਦਾ ਸਿੱਧਮ ਸਿੱਧਾ ਪ੍ਰਚਾਰ ਕੀਤਾ ਅਤੇ ਇਹ ਸਾਜ਼ ਦਰਬਾਰ ਸਾਹਿਬ ਵੀ ਦਾਖਲ ਹੋ ਗਿਆ।

ਪੰਡਿਤ ਕਿਸ਼ਨ ਮਹਾਰਾਜ ਜੀ ਨੂੰ ਯਾਦ ਕੀਤਾ, ਚੰਗਾ ਲੱਗਿਆ। ਕੀ ਇਨ੍ਹਾਂ ਬਾਰੇ ਪੰਜਾਬੀ 'ਚ ਲਿਖਣ ਵਾਲਾ ਕੋਈ ਨਹੀਂ ਮਿਲਿਆ। ਮੈਂ ਇਨ੍ਹਾਂ ਬਾਰੇ ਲਿਖਣ ਦਾ ਯਤਨ ਕਰਾਂਗਾ ਭਾਵੇਂ ਮੈਨੂੰ ਇਸ ਸਾਜ਼ ਦੀ ਕੋਈ ਜਾਣਕਾਰੀ ਨਹੀਂ।

ਰਾਗੀ ਸਮੁੰਦ ਸਿੰਘ ਜੀ ਬਾਰੇ ਜਾਣਨਾਂ ਚੰਗਾ ਲੱਗਾ। ਗਾਰਗੀ ਲਿਖਤ 'ਪੰਜਾਬ ਦੇ ਕਲਾਕਾਰ' ਵਿਚ ਇਨ੍ਹਾਂ ਦਾ ਜ਼ਿਕਰ ਹੈ। ਪ੍ਰੋ: ਕਰਤਾਰ ਸਿੰਘ ਜੀ ਦੇ

ਗਾਇਨ ਦਾ ਸਾਡਾ ਪਰਿਵਾਰ ਕਾਇਲ ਹੈ, ਪਰ ਇਹਦੀ Availbilty ਨਹੀਂ। ਕੋਈ ਰਾਹ ਦੱਸੋ।

*ਜਗਤਾਰ ਜੀਤ*
*118-ਏ, ਪਰਦੀਪ ਨਗਰ, ਜੇਲ ਰੋਡ,*
*ਨਵੀਂ ਦਿੱਲੀ 110064*

 It has been a very long spell of silence from my side. Your flowless views on Gurmat and Gurbani Music are reaching regularly and I have been enriched with this treasure. For the past five years my attentions was focussed on compilation of a project to pen down a complete basic information about the inner aspects of our sacred scripture Sahib Sri Guru Granth Sahib. I have also added some functional component of Sikh way of life in the second part of the book. I have also thankfully gathered some information from your magazine especially on Gurbani Music. With contribution from each and every refered text, a component emerged is titled:-

"Authority, Audience & glympss of Shabad Guru, Guru Granth Sahib & Tradional Sikh Practices"

The book gives historical masative of this process of compilation of Adi-Granth, brief life sketch of the contributers of Bani in the Granth, five complexities of the music and other aspects including issues and messages of the unique scripture of Humanity. This basic information can be very useful for our youth who need to understand their heritage will so that the efforts made in the last five plus centuries does not go in a waste. Through the medium of widely circulated mouthly organ "Amrit Kirtan" this message can be circulated to our coveted readership throughout the Sikh Sangat on the Globe.

The book is under publication at Hemkunt Publication Pvt. Ltd., New Delhi under the able supervision of Sardar Arvinder Singh, its MD. It is expected to touch the target for release in July 2008, much before the 300th celebration of Gurta Gaddi divas in Oct. 2008.

With my humble submission, I request you to recomend this book to your learner and eager readership in your own words and style. This kind gesture not only will boost the sale but also add a bit in serving the great cause of "Right message reading Right Place." Guru Nanak and Sahib Guru Granth Sahib will shown their blessings on you and your great mission will also be blessed.

I am sending an article for your next issue and hope its gets your approval for publication. As soon the book is ready, i shall send you a copy for your expert views in your magazine by a book review column.

Dr. S.S. Bhatia
# 370, Sector 15, Fridabad

 I am over whelmed to read your

review of my book 'The Singer Divine'. No words are enough to convey my gratitude and appreciation for what you have written aspect so beautifully that was missed by almost everyone who read it before you, expecially the musical notes on the cover. Hope, readers will read it diferently after reading your interpretation. Thank you very much.

It is a beautiful magazine and we had not ever heard of it so far.

*Mrs. Satjit Wadva*
*14, Hemkunt Colony, New Delhi. 110048*

 April issue of 'Amrit Kirtan' is in my hands & I am thankful. Your article about Rupa Sarin Ji makes interesting & informative reading. Let us also live like this grand lady (I will not say old lady). Such persons always live like young persons.

I read bitween the lines of A. K. You are doing very noble services for huminity.

*B.S. Arora*
*211, Cheema Nager Ext.*
*Jalandhar 144014*


Silence on lips may avoid many problems.
But smile on lips may solve all the problems.
So, always have a sweet, silent smile.

▲▲▲▲▲▲▲

Difficulties do not come to distroy you
but to help you to realise your potential.
So let difficulties know that you are difficult.

▲▲▲▲▲▲▲

The power of prayer will never leave you,
even in the darkest of time.
It is the greatest weapon known to mankind,
the freedom no one can take away.

With best compliments from a wellwisher

## ਕਰਉ ਬੇਨੰਤੀਆ

# ਗਤੀ ਸ਼ੀਲਤਾ

ਬ੍ਰਹਿਮੰਡ ਦੀ ਹਰ ਚੀਜ ਗਤੀਸ਼ੀਲ ਹੈ। ਹਰ ਵਸਤੂ ਵਿੱਚ ਹਰ ਵੇਲੇ ਕੁਝ ਨਾ ਕੁਝ ਵਾਪਰ ਰਿਹਾ ਹੈ। ਜੇ ਸਾਨੂੰ ਕੋਈ ਚੀ  ਰੁਕੀ ਹੋਈ ਵੀ ਜਾਪਦੀ ਹੈ ਤਾਂ ਉਸ ਵਿੱਚ ਵੀ ਅਨੇਕਾਂ ਤਬਦੀਲੀਆਂ ਆਉਂਦੀਆਂ ਹਨ। ਜਿਵੇਂ ਕਹਿੰਦੇ ਹਨ ਪਾਣੀ ਰੁਕਿਆ ਹੁੰਦਾ ਹੈ। ਪਰ ਉਸ ਵਿੱਚ ਵੀ ਤਬਦੀਲੀਆਂ ਆਉਂਦੀਆਂ ਹਨ ਅਤੇ ਉਹ ਸੜਿਹਾਂਦ ਮਾਰਨ ਲੱਗ ਜਾਂਦਾ ਹੈ।

ਜਦੋਂ ਅਸੀਂ ਕਹਿੰਦੇ ਹਾਂ ਕਿ ਮਨੁੱਖ ਨੂੰ ਗਤੀ ਸ਼ੀਲ ਹੋਣਾ ਚਾਹੀਦਾ ਹੈ ਤਾਂ ਸਾਡਾ ਭਾਵ ਉਸ ਦੇ ਸਾਕਾਰਾਤਮਕ ਗਤੀ ਸ਼ੀਲ ਹੋਣ ਤੋਂ ਹੁੰਦਾ ਹੈ। ਸਾਕਾਰਾਤਮਕ ਗਤੀ ਸ਼ੀਲ ਹੋਣ ਲਈ ਜਤਨ ਕਰਨਾ ਪੈਂਦਾ ਹੈ। ਬੈਠਿਆਂ ਬੈਠਿਆਂ ਨਾਕਾਰਾਤਮਕ ਵਰਤਾਰਾ ਆਪਣੇ ਆਪ ਵਾਪਰ ਜਾਂਦਾ ਹੈ। ਕਹਿੰਦੇ ਹਨ- ਅਮੀਰ ਬਣਨ ਲਈ ਜਤਨ ਕਰਨਾ ਪੈਂਦਾ ਹੈ ਅਤੇ ਕੰਗਾਲ ਹੋਣ ਲਈ ਕੁਝ ਕਰਨ ਦੀ ਲੋੜ ਨਹੀਂ।


ਕੁਦਰਤ ਵਿੱਚ ਹਰ ਵੇਲੇ ਸਾਕਾਰਾਤਮਕ ਤਬਦੀਲੀ ਵਾਪਰ ਰਹੀ ਹੁੰਦੀ ਹੈ। ਕਈ ਵਾਰ ਜਿਹੜੇ ਵਰਤਾਰੇ ਸਾਨੂੰ ਨਾਕਾਰਤਮਕ ਜਾਪਦੇ ਹਨ ਉਹਨਾਂ ਦੇ ਦੂਰਰਸ ਨਤੀਜੇ ਸਕਾਰਾਤਮਕ ਹੀ ਹੁੰਦੇ ਹਨ।

ਜਿਥੋਂ ਤਕ ਵਿਅਕਤੀਗਤ ਗਤੀ ਸ਼ੀਲਤਾ ਦੀ ਗੱਲ ਹੈ, ਮਨੁੱਖ ਦਾ ਮਨ ਗਤੀ ਸ਼ੀਲਤਾ ਲਈ ਤਾਂਘਦਾ ਰਹਿੰਦਾ ਹੈ। ਉਸ ਨੂੰ ਸਥਿਰਤਾ ਵਾਲੀ ਸਥਿਤੀ ਪਸੰਦ ਨਹੀਂ। ਗਤੀ ਸ਼ੀਲ ਹੋਣ ਲਈ ਸਰੀਰਕ ਸੁਖ ਤਿਆਗਣੇ ਪੈਂਦੇ ਹਨ। ਸਰੀਰਕ ਸੁਖ ਲਈ ਕਈ ਵਾਰ ਜਿਵੇਂ ਹਾਂ ਉਵੇਂ ਰਹਿਣਾ ਪਸੰਦ ਹੁੰਦਾ ਹੈ। ਪਰ ਥੋੜੀ ਦੇਰ ਬਾਦ ਹੀ ਬੋਰ ਹੋ ਜਾਂਦੇ ਹਾਂ ਤੇ ਕੋਈ ਤਬਦੀਲੀ ਚਾਹੁੰਦੇ ਹਾਂ। ਮਨੁੱਖ ਅੰਦਰੋਂ ਹਾਂ ਪੱਖੀ ਤਬਦੀਲੀ ਹੀ ਚਾਹੁੰਦਾ ਹੈ। ਪਰ ਕਈ ਵਾਰ ਉਸ ਨੂੰ ਆਪਣੀ ਸਮਰੱਥਾ ਤੇ  ੱਕ ਹੋ ਜਾਂਦਾ ਹੈ ਤੇ ਉਹ ਅਜਿਹੀ ਤਬਦੀਲੀ ਲਈ ਜਤਨ ਛੱਡ ਦਿੰਦਾ ਹੈ। ਬਾਬਾ ਫਰੀਦ ਜੀ ਦੀ ਆਪਣੀ ਮਾਖਿਓਂ ਮਿੱਠੀ ਬਾਣੀ ਵਿੱਚ ਗਤੀ ਸ਼ੀਲਤਾ ਦਾ ਵਰਣਨ ਬੜੇ ਭਾਵਪੂਰਤ ਤਰੀਕੇ ਨਾਲ ਕਰਦੇ ਹਨ-

*vwt hmwrI KrI afIxI ]*
*KinAh iqKI bhq ipeIxI ]*
*as apir h mwrg mrw ]*
*sK PrIdw pQ smwir svrw ]4]1]*
*PrIdw glIe ickV dir Gr nwil ipAwr nh ]*
*clw q iBj kblI rhW q qt nh ]24]*
*iBja isja kblI Alh vrsa mh ]*
*jwie imlw iqnw sjxw qta nwhI nh ]25]*

ਇਸ ਬਾਰੇ ਤੁਹਾਡਾ ਕੀ ਵਿਚਾਰ ਹੈ ? ਸਾਨੂੰ ਪਤਾ ਹੈ ਕਿ ਤੁਹਾਡੇ ਕੋਲ ਬੜੇ ਵਧੀਆ ਵਿਚਾਰ ਹਨ ਅਤੇ ਉਹਨਾਂ ਨੂੰ ਪ੍ਰਗਟ ਕਰਨ ਦੀ ਸਮਰੱਥਾ ਵੀ। ਤੁਸੀਂ ਆਪਣੇ ਵਿਚਾਰ ਸਾਨੂੰ ਭੇਜੋ, ਇਸ ਨਾਲ ਸਾਨੂੰ ਵੀ ਲਾਭ ਪੁਜੇਗਾ ਅਤੇ ਹਰ ਅਨੇਕਾਂ ਪਾਠਕਾਂ ਨੂੰ ਵੀ। ਤੁਹਾਡੇ ਵਿਚਾਰਾਂ ਦੀ ਉਡੀਕ ਵਿੱਚ  -

ਤੁਹਾਡਾ ਆਪਣਾ



# ਸਾਧ ਸੰਗਤ

## ਡਾ. ਸੁਰਜੀਤ ਸਿੰਘ 'ਕੁੰਜਾਹੀ'

ਸੰਗਤ ਸਾਥ ਨੂੰ ਆਖਦੇ ਹਨ। ਇਸ ਦਾ ਅਸਰ ਮਨੁੱਖ ਦੇ ਸੁਭਾਅ 'ਤੇ ਸਿੱਧਾ ਪੈਂਦਾ ਹੈ। ਕੁਦਰਤ ਵੀ ਇਸ ਨਿਯਮ ਨੂੰ ਦਰਸਾਉਂਦੀ ਹੈ। ਜੈਸਾ ਮੌਸਮ ਹੁੰਦੈ, ਉਸਦੀ ਫਿਜ਼ਾ ਵੀ ਉਸ ਵਰਗੀ ਹੋ ਜਾਂਦੀ ਹੈ। ਫਿਜ਼ਾ ਦੇ ਨਾਲ ਸਾਰੀ ਲੁਕਾਈ ਦੇ ਉਮਾਹ, ਉਤਸ਼ਾਹ, ਵਿਸਾਹ ਅਤੇ ਸੁਭਾਅ ਮੋੜ ਲੈ ਲੈਂਦੇ ਹਨ। ਸ਼ਰਦ-ਰੁੱਤ ਦੀ ਕੜਕਦੀ ਠੰਡ ਵਿਚ ਸਾਰੀ ਕੁਦਰਤ ਬਨਸਪਤ, ਜੀਅ-ਜੰਤ ਠਰੇ ਠਰੇ ਹੁੰਦੇ ਨੇ ਅਤੇ ਗਰਮੀ ਦੀ ਭਰਮਾਰ ਵਿਚ ਸਭ ਝੁਲਸ ਜਾਂਦੇ ਹਨ। ਧਰਤੀ ਦੇ ਵਸਨੀਕ ਜੋ ਜੀਵਨ ਪਰਿਭਾਸ਼ਾ ਦੇ ਪ੍ਰਤੱਖ ਰੂਪ ਹਨ ਇਨ੍ਹਾਂ ਪ੍ਰਭਾਵਾਂ ਹੇਠ ਵੱਖ ਵੱਖ ਰੰਗ ਵਿਖਾਉਂਦੇ ਹਨ। ਜੇ ਸਰਦੀ ਦੀ ਰੁੱਤੇ ਥਾਂ ਥਾਂ ਚਾਹ ਸਟਾਲਾਂ 'ਤੇ ਭੀੜ ਦਿੱਸਦੀ ਹੈ, ਤਾ ਗਰਮੀ ਦੀ ਰੁੱਤੇ ਬਰਫ਼ਾਂ ਵਾਲੇ ਪਾਣੀਆਂ ਦੇ ਵਪਾਰ ਵਾਹਵਾ ਚੱਲ ਪੈਂਦੇ ਹਨ। ਗਰਮੀ ਦੇ ਕਾਰਨ ਜੀਭ, ਘੰਡੀ ਤੇ ਬੁੱਲ ਖੁਸ਼ਕ 'ਤੇ ਸੁੱਕੇ, ਪਾਣੀ ਪਾਣੀ ਲੋਚਦੇ ਹਨ। ਸਰਦੀ ਵਿਚ ਸਰੀਰ ਠੁਰ ਠੁਰ ਕਰਦਾ ਲੋਈ ਜਾਂ ਕੰਬਲ ਦੀ ਬੁੱਕਲ 'ਚ ਢਕਿਆ ਜਾਂ ਰਜ਼ਾਈ 'ਚ ਵੜਿਆ ਰਹਿੰਦਾ ਹੈ। ਬਰਸਾਤ ਦੇ ਮੌਸਮ ਵਿਚ ਬਰਸਾਤੀਆਂ, ਛਤਰੀਆਂ ਤੇ ਗਮਬੂਟ ਪਾਈ ਲੁਕਾਈ ਭਿੱਜੀ ਭਿੱਜੀ ਹੋ ਜਾਂਦੀ ਹੈ। ਹਵਾਵਾਂ ਵਿਚ ਨਮੀਂ ਤੇ ਚੁਗਿਰਦੇ ਦੀ ਹਰਿਆਵਲ ਆਪਣੇ ਜੋਬਨ ਤੇ ਹੁੰਦੀਆਂ ਹਨ। ਆਮ ਲੋਕਾਂ ਦੇ ਖਾਣ ਪੀਣ ਤੇ ਜੀਵਨ ਦੇ ਤੌਰ ਤਰੀਕੇ ਬਦਲਦੇ ਰਹਿੰਦੇ ਹਨ।

ਇਸ ਤੋਂ ਵੱਖਰਾ ਮਨੁੱਖ ਦੇ ਅੰਦਰ ਵੀ ਇਕ ਸੰਸਾਰ ਪਨਪਦਾ ਹੈ। ਇਸ ਸੋਚ ਦਵਾਲੇ ਵੀ ਇਕ ਬ੍ਰਹਿਮੰਡ ਵਸਦਾ ਹੈ। ਬਦਲਦੇ ਮੌਸਮਾਂ ਵਾਂਗ ਇਸ ਦੀ ਬੁੱਧੀ ਅੰਦਰ ਵੀ ਉਤਾਰ ਚੜ੍ਹਾਅ ਲੱਗਾ ਰਹਿੰਦਾ ਹੈ। ਖੁਸ਼ੀ ਅਤੇ ਖੇੜਾ ਜੁੜੇ ਬੈਠੇ ਨੇ। ਗਮ ਅਤੇ ਮਾਯੂਸੀ 'ਕੱਠੇ ਵੱਡੇ ਹੁੰਦੇ ਹਨ। ਜੀਵਨ ਦੀ ਲੰਮੀ ਦੌੜ ਦੌੜਦੇ ਹੋਏ ਹਫ਼ੇ ਪ੍ਰਾਣਾਂ ਵਿਚ ਸੁੱਖ ਦਾ ਸਾਹ ਨਵੀਂ ਚੇਤਨਾ ਭਰ ਦਿੰਦਾ ਹੈ। ਅੰਦਰੋਂ ਮੁੱਕੇ 'ਤੇ ਟੁੱਟੇ ਜਿਗਰੇ ਉੱਤੇ ਵੱਜੀ ਨਵੀਂ ਸੱਟ ਮਨੁੱਖ ਨੂੰ ਧੁਰੋਂ ਤੋੜਦੀ ਏ। ਨਿਤ ਦੇ ਬਖੇੜਿਆਂ 'ਚ ਹੱਸਦਾ ਰੋਂਦਾ, ਜੀਊਂਦਾ-ਮਰਦਾ, ਹਿੱਸਦਾ-ਨਿੱਸਰਦਾ, ਉਮਾਹਿਆ-ਝੰਵਿਆ ਮਨੁੱਖ ਜੀਵਨ ਪੈਂਡੇ 'ਤੇ ਟੁਰੀ ਜਾਂਦਾ ਹੈ। ਸ਼ਾਇਦ ਕੋਈ ਵਿਰਲਾ ਪੁਰਖ ਹੀ ਕਿੱਧਰੇ ਵਸਦਾ ਹੋਵੇ, ਜਿਹੜਾ ਇਕਸਾਰੀ ਰਫ਼ਤਾਰ ਨਾਲ ਸਿੱਪ ਧਾਰ ਕੇ ਪੈਂਡਾ ਪੂਰਦਾ ਹੋਵੇ। ਇਹ ਜਗਤ ਛੱਲਾਂ ਨਿਆਈ ਹੈ। ਉਤਾਰ ਚੜ੍ਹਾਅ ਆਪਣੀ ਝੱਗ ਕਿਨਾਰਿਆ 'ਤੇ ਖਿਲਾਰ ਆਪਣੇ ਵੇਗਾਂ ਦੇ ਮੋੜ ਮੋੜ ਕੇ ਵਾਪਸ ਸਮੁੰਦਰ ਦੀ ਗੋਦ ਵਿਚ ਜਾ ਵਸਦੇ ਹਨ।

ਗੁਰੂ ਸਾਹਿਬਾਨਾਂ, ਸੰਤਾਂ, ਭਗਤਾਂ, ਪੀਰਾਂ, ਫਕੀਰਾਂ, ਦਰਵੇਸ਼ਾਂ ਅਤੇ ਗੁਰਸਿੱਖਾਂ ਦੇ ਮੁਖਾਰਵਿੰਦਾਂ 'ਚੋਂ ਉਚਰੀ ਧੁਰ ਦੀ ਬਾਣੀ, ਮਾਨਸ ਦੀ ਐਸੀ ਅਵਸਥਾ ਨੂੰ ਗਲੇ ਲਗਾ ਕੇ ਸਹੀ ਰਸਤਾ ਵਿਖਾਂਦੀ ਹੈ। ਜੀਵਨ ਦੇ ਹਰ ਪੱਖ, ਕੁਦਰਤ ਦੇ ਸਮੂਹ ਅਸੂਲਾਂ, ਮਨੁੱਖ ਦੀ ਹਰ ਉਲਝਣ, ਸੱਚ ਦੀ ਖੋਜ 'ਚ ਉਤਰੇ ਜਿਗਿਆਸੂਆਂ ਲਈ ਥਾਂ ਥਾਂ ਖਲੋਤੇ ਸਵਾਲੀਏ ਚਿੰਨ੍ਹਾਂ ਤੇ ਮਾਰਗ ਦਰਸ਼ਨ ਕਰਦੀ ਅਡੋਲ ਜਿਹੀ ਨਾਲ ਚਲਾ ਕੇ ਲੈ ਜਾਂਦੀ ਹੈ। ਬਾਣੀ ਦੇ ਵਿਰਸੇ ਦੀ ਵੰਡ ਸਮੂਹ ਮਨੁੱਖ ਜਾਤੀ ਲਈ ਹੈ। ਇਹ ਭਰਮਾਈ ਲੁਕਾਈ ਨੂੰ ਸਵੱਛ ਨੀਝ ਅਤੇ ਮਾਰਗ ਦਰਸਾਂਦੀ ਹੈ। ਗੁਰਬਾਣੀ ਇਸ ਜਗ ਮਹਿ ਚਾਨਣਿ ਦੀ ਇਲਾਹੀ ਰੌਸ਼ਨੀ ਹਰ ਇਕ ਦਾ ਮਾਰਗ ਦਰਸ਼ਨ ਕਰਦੀ ਹੈ। ਹਰ ਖੁੱਲ੍ਹੀ ਅੱਖ ਪ੍ਰਸ਼ਨ ਚਿੰਨ੍ਹਾਂ ਹੇਠ ਸਾਫ਼ ਨਿੱਤਰੀ 'ਤੇ ਉਘੜੀ ਸੱਚਾਈ ਇਸ ਰੌਸ਼ਨੀ 'ਚ ਵੇਖ ਸਕਦੀ ਹੈ।

ਕਿਸੇ ਭਲੇ ਪੁਰਖ ਦੇ ਸੰਗ ਹੋ ਟੁਰੀਏ, ਤਾਂ ਇਹ ਉਪਾਅ ਹੋਰ ਵੀ ਸੌਖਾ ਹੋ ਜਾਂਦੈ। ਸੰਗੀ ਸੂਝਵਾਨ ਹੋਵੇ, ਤਾਂ ਸੰਸ਼ਿਆਂ ਦੇ ਪ੍ਰਸ਼ਨ ਚਿੰਨ੍ਹਾਂ ਦੀ ਉਤਰਾਵਲੀ ਵੀ ਹੋਰ ਸੁਖਾਲੀ ਹੋ ਜਾਂਦੀ ਹੈ। ਕਈ ਵਾਰ ਔਖਰ ਕੁਝ ਓਹਲਾ ਕਰ ਬੈਠਦੇ। ਸਾਧ ਇਕ ਸਧੇ ਹੋਏ ਹਿਰਦੇ ਦੀ ਅਵਸਥਾ ਹੈ। ਜਦੋਂ ਹਿਰਦਾ ਸਧ ਜਾਵੇ, ਤਾਂ ਉਸਦੀ ਸੰਗਤ ਦੂਜੇ ਸਧੇ ਹਿਰਦਿਆਂ ਸੰਗ ਸੁਮੇਲ ਵਰਗਾ ਸਾਥ ਬਣ ਸਕਦੈ।

ਸੰਗਤ ਗੁਰੂ ਦਰਬਾਰ ਵਿਚ ਸਰੀਰਕ ਹਾਜ਼ਰੀ ਮਗਰੋਂ ਅੰਦਰੋਂ ਜਗੀ ਜੋਤ ਦੇ ਜਲਾਓ-ਪ੍ਰਭਾਓ ਕਾਰਨ ਸਾਧ ਸੰਗਤ ਬਣਦੀ ਹੈ। ਸਰੀਰਕ ਇਕੱਠ ਕਈ ਭੈੜ ਵਿਹਾਜਣ ਵਾਲੇ ਅੱਡੇ ਵੀ ਹੋ ਸਕਦੇ ਹਨ। ਐਸੇ ਇਕੱਠ ਵਿਚ ਰਲਿਆਂ ਹਿਰਦਾ ਸਧ

ਨਹੀਂ ਸਕਦਾ। ਐਸੀ ਸੰਗਤ ਸਾਧ ਸੰਗਤ ਨਹੀਂ ਹ ਸਕਦੀ। ਪ੍ਰੰਤੂ ਜਦੋਂ ਮਨੁੱਖੀ ਸੋਚ ਵਿਚ ਸਾਧ ਬਣੇ ਹਿਰਦਿਆਂ ਦੀ ਤਾਂਘ ਉਸ ਅਕਾਲ ਪੁਰਖ ਦੇ ਚਰਣਾਂ ਵਿਚ ਜੋਦੜੀਆਂ ਕਰਦੀ ਹੈ, ਤਾਂ ਸਾਂਝੀ ਅਰਦਾਸ ਦਾ ਫ਼ਲ ਹਰ ਇਕ ਸਤਸੰਗੀ ਨੂੰ ਪ੍ਰਸਾਦ ਬਣ ਥੀਂਵਦਾ ਹੈ। ਕਈ ਸ਼ੰਸ਼ੇ ਘਰੋਂ ਨਾਲ ਜਾਂਦੇ ਹਨ ਅਤੇ ਕਈਆਂ ਦਾ ਨਿਵਾਰਣ ਵੀ ਹੋ ਜਾਂਦੈ। ਗੁਰਬਾਣੀ ਦੇ ਅਖੁੱਟ ਭੰਡਾਰ ਕੀਰਤਨੀਏ ਅਤੇ ਵਿਆਖਿਆਕਾਰਾਂ ਦੇ ਯਤਨਾਂ ਰਾਹੀਂ ਸਾਧ ਸੰਗਤ ਵਿਚ ਅੰਮ੍ਰਿਤ ਦੀ ਬਰਖਾ ਕਰਦੇ ਹਨ। ਗੁਰੂ ਸਾਹਿਬਾਨ ਦੀ ਗੱਲ ਗੁਰੂ ਗ੍ਰੰਥ ਸਾਹਿਬ ਦੀ ਜ਼ੁਬਾਨ ਵਿਚ ਵਿਚਾਰੀ ਅਤੇ ਸਤਿਕਾਰੀ ਜਾਂਦੀ ਹੈ। ਹੌਲੇ ਹੋਏ ਹਿਰਦੇ ਕਰਤੇ ਦੀ ਰੰਗਣ 'ਚ ਰੰਗੇ ਜਾਂਦੇ ਹਨ ਤੇ ਕਰਤਾਰ ਆਪ ਉਂਗਲੀ ਫੜ ਲੈਂਦਾ ਹੈ।

ਇਹੀ ਕਾਰਨ ਹੈ ਕਿ ਜਿਗਿਆਸੂਆਂ ਨੂੰ ਗੁਰੂ ਲੜ ਲੱਗਣ ਦੀ ਮਹੱਤਤਾ 'ਤੇ ਬੜਾ ਕੁਝ ਗੁਰਬਾਣੀ 'ਚ ਆਇਆ ਹੈ। ਗੁਰੂ ਲੜ ਲੱਗੇ ਜਿਗਿਆਸੂਆਂ ਦੇ ਮਿਲਵਰਤਣ ਸਦਕਾ ਸਾਧ ਸੰਗਤ 'ਚ ਜੁੜੇ ਸਮੂਹ ਗੁਰਭਾਈ ਬਣ ਜਾਂਦੇ ਹਨ। 'ਸਾਂਝਾ ਬਾਪ ਹਮਾਰਾ' ਦੀ ਔਲਾਦ ਗੁਰਭਾਈ ਗੁਰੂ ਚਰਣਾਂ 'ਚ 'ਮਨ ਅੰਤਰ ਕੀ ਪੀਰ' ਨੂੰ ਖੋਲ੍ਹ ਕੇ ਰੱਖਦੇ ਹਨ ਅਤੇ ਗੁਰੂ ਦੀ ਦਰਸ਼ਾਈ ਸੀਧ ਨਾਲ ਸੰਸ਼ੇ ਦੂਰ ਕਰਦੇ ਹਨ। ਜਦੋਂ ਰਹਿਸ ਦੀ ਘੁੰਡੀ ਖੁੱਲ੍ਹਦੀ ਹੈ ਤਾ ਦਿਵ ਦ੍ਰਿਸ਼ਟੀ ਵਿਚ ਨਵੀਨ ਗਿਆਨ ਪ੍ਰਕਾਸ਼ਮਾਨ ਹੁੰਦਾ ਹੈ। ਇਸ ਦ੍ਰਿਸ਼ਟੀ ਵਿਚ ਸਰਬ ਸਵੱਛ ਦ੍ਰਿਸ਼ਟੀਗੋਚਰ ਹੁੰਦੈ। ਇਹ ਨਿੱਤਾਪ੍ਰਤੀ, ਨਿਤਨੇਮ ਬਣ 'ਰਾਮ ਰੰਗ ਕਦੇ ਉਤਰ ਨਾ ਜਾਈ' ਵਾਲੀ ਰੰਗਣ 'ਚ ਰੰਗੀ ਜਾਂਦੀ ਹੈ। ਇਸ ਦਾ ਨਾਮ ਹੀ ਸਾਧ ਸੰਗਤ ਹੈ।

ਸਾਧ ਭਗਵੇਂ ਕਪੜੇ ਪਾ ਕੇ ਫਿਰਣ ਵਾਲਾ ਸਾਧੂ ਵੀ ਹੋ ਸਕਦੈ ਅਤੇ ਇਕ ਸਧਾਰਣ ਸਖਸ਼ੀਅਤ ਦਾ ਗ੍ਰਿਹਸਥੀ ਵੀ। ਸਾਧ ਦੀ ਸਾਧਨਾ ਹੀ ਉਸ ਦੀ ਆਪਣੀ ਘਾਲਣਾ ਹੈ ਅਤੇ ਇਸ ਕਾਰਨ ਹੀ ਉਹ ਅਧਿਆਤਮ ਦੀਆਂ ਪਉੜੀਆਂ ਚੜ੍ਹੀ ਜਾਂਦਾ ਹੈ। ਐਸੀ ਘਾਲਣਾ ਘਾਲ ਕਿਸੇ ਉਚਾਈ ਤੇ ਪੁੱਜੇ ਪੁਰਖਾਂ ਦਾ ਜੁੜ ਬੈਠਣਾ ਅਤੇ ਉਸ ਕਰਤਾ ਪੁਰਖ ਦੀ ਮਹਿਮਾ ਦਾ ਗਾਇਨ ਕਰਨਾ ਇਕ ਵਿਲੱਖਣਤਾ ਨੂੰ ਜਨਮ ਦਿੰਦਾ ਹੈ। ਐਸੇ ਸੁਹਾਵੜਿਆਂ ਦਾ ਅੰਤਰੀਵ ਆਨੰਦ ਵਿਚ ਗਵਾਚ ਜਾਣਾ ਆਨੰਦ ਦੇ ਸਦਾ ਸੁਖਾਵੇਂ ਪੰਖ ਲਗਾ ਕੇ ਗਿਆਨ ਗਗਨ ਵਿਚ ਉਡਾਰੀਆਂ ਲਾਉਣਾ, ਅਤੇ ਹਉਮੈ ਸਦਾ ਲਈ ਤਿਆਗ ਸੂਖਮ ਆਚਾਰ ਵਿਚਾਰ 'ਚ ਰਮ ਜਾਣਾ ਸਾਧ ਸੰਗਤ ਦਾ ਪ੍ਰਭਾਵੀ ਹੁਨਰ ਹੈ, ਜੋ ਹਮੇਸ਼ਾ ਮਾਰਗ ਦਰਸ਼ਨ ਕਰਦਾ ਰਹਿੰਦਾ ਹੇ। ਇਹ ਅਵਸਥਾ ਹੀ ਅੰਦਰ ਦੇ ਦਵਾਰ ਖੋਲ੍ਹਦੀ ਹੈ। ਐਸੇ ਸਿਰੜੀਆਂ ਦੀ ਸੰਗਤ 'ਸਾਧ ਸੰਗਤ' ਹੁੰਦੀ ਹੈ।

ਗੁਰੂ ਸਾਹਿਬਾਨ ਦੇ ਜੀਵਨ ਕਾਲ ਵਿਚ ਕਈ ਸਭਾਵਾਂ, ਗੋਸ਼ਟੀਆਂ, ਕੀਰਤਨ, ਕਥਾ ਵਿਚਾਰਾਂ ਅਤੇ ਸਮਕਾਲੀਨ ਹਸਤੀਆਂ ਸੰਗ ਮੇਲੇ ਹੋਏ ਹੋਣਗੇ। ਐਸੇ 'ਮਿਲਬੇ ਕੀ ਮਹਿਮਾ' ਦਾ ਵਰਣਨ 'ਬਰਨ ਨਾ ਸਾਕੋ' ਦਾ ਝਉਲਾ ਮਾਤਰ ਹੀ ਸੂਝ ਨੂੰ ਨਸ਼ਿਆ ਦਿੰਦਾ ਹੈ। ਉਹ ਭਗਵਾਨ ਮਨੁੱਖੀ ਹਸਤੀਆਂ, ਜੋ ਇਨ੍ਹਾਂ ਸੰਗਤਾਂ ਦਾ ਹਿੱਸਾ ਬਣੀਆਂ, ਐਸੇ ਗਿਆਨ ਗੋਸ਼ਟ ਕਾਰਨ ਕਿਸ ਅਵਸਥਾ 'ਤੇ ਪੁੱਜੀਆਂ, ਇਤਿਹਾਸ ਇਸ ਬਾਰੇ ਬਹੁਤ ਘੱਟ ਬੋਲਦੈ। ਇਸੇ ਤਰ੍ਹਾਂ ਜਾਗਦੀ ਜੋਤ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਜੁੜੀ ਸਾਧ ਸੰਗਤ ਦੇ ਕੰਨਾਂ ਵਿਚ ਅੰਮ੍ਰਿਤ ਬਾਣੀ ਦਾ ਠਾਰ ਅਤੇ ਇਲਾਹੀ ਰੰਗ ਦਾ ਪ੍ਰਸਾਦ ਬਿਨਾਂ ਕਿਸੇ ਵਿਤਕਰੇ ਦੇ ਸਭਨਾਂ ਜੀਆਂ ਲਈ ਸਾਂਝਾ ਪਿਆਰ ਵਰਤਾਂਦਾ ਹੋਵੇ, ਐਸੇ ਦੈਵੀ ਵਾਤਾਵਰਣ ਨੂੰ ਹੀ ਸਾਧ ਸੰਗਤ ਦਾ ਦਰਜ਼ਾ ਹਾਸਲ ਹੈ । ਇਹੋ ਜਿਹੇ ਮਾਹੌਲ ਵਿਚ ਗੁਰਬਾਣੀ ਦਾ ਕੀਰਤਨ ਅਤੇ ਵਿਚਾਰ ਕਰਣ 'ਤੇ ਸੁਣਨ ਵਾਲੇ ਦੇਵਤਾ ਸਰੂਪ ਹੋਏ ਪੁਰਖਾਂ ਦਾ ਹੀ ਨਾਮ ਸਾਧ ਸੰਗਤ ਹੈ। ਐਸੇ ਲਲਾਰੀ ਦੇ ਕੜ੍ਹਦੇ ਰੰਗ ਵਿਚ ਜੋ ਵੀ ਮਨੁੱਖ ਵਸਤਰ ਆ ਭਿੱਜਾ, ਉਸ ਉਤੇ ਉਹ ਰੰਗ ਚੜ੍ਹ ਗਿਆ ਜਾਣੋ। ਉਥੇ ਕਿਸੇ ਤਰਕ ਦੀ ਚਤੁਰਾਈ ਨਹੀਂ ਖਲੋ ਸਕਦੀ। ਉਥੇ ਕਿਸੇ ਭੇਖ ਜਾਂ ਪਾਖੰਡ ਦੀ ਦਾਲ ਨਹੀਂ ਗਲਦੀ। ਉਥੇ ਕਿਸੇ ਮੜ੍ਹੀ ਮਸਾਨ, ਭੂਤ ਭੁਤਾਨ, ਵੇਦ ਕੁਰਾਨ, ਟੂਣ ਟੁਕਾਣ ਦੀ ਕੋਈ ਥਾਂ ਨਹੀਂ। 'ਕਿਸਨ ਬਿਸਨ ਕਬਹੂੰ ਨਾ ਧਿਆਊ' ਦੀ ਗੱਲ ਹੈ। ਇਥੇ ਕਿਸੇ ਭੁਲਾਵੇ ਭੁਲੇਖੇ ਜਾਂ ਟਪਲੇ ਦੀ ਕੋਈ ਗੁੰਜਾਇਸ਼ ਨਹੀਂ। ਇਥੇ ਕੇਵਲ ਨਿਰੋਲ ਕੀਰਤਨ ਪ੍ਰਭੂ ਜਸ ਅਤੇ ਜਾਪ ਜਪਣ ਦੀ ਗੱਲ ਹੈ। ਆਤਮਾ ਲਈ ਇਹ ਲੰਗਰ ਸਦੀਆਂ ਤੋਂ ਵਰਤਦਾ ਆ ਰਿਹਾ ਹੈ ਅਤੇ ਵਰਤਦਾ ਰਹੇਗਾ।

ਕਈ ਵਾਰ ਵਿਚਾਰਾਂ ਵਿਚ ਕਿਹਾ ਗਿਆ ਹੈ, ਕਿ ਵਾਹਿਗੁਰੂ ਦਾ ਨਾਮ ਸੱਚੇ ਦਿਲੋਂ ਘਰ ਬੇਠ ਕੇ ਹੀ ਜਪ ਲਓ। ਗੁਰਸਿੱਖ ਦਾ ਜੀਵਨ ਨਾਮ ਜਪ ਲੈਣ ਤੱਕ ਹੀ ਸੀਮਤ ਨਹੀਂ। ਇਸ ਦੇ ਹੋਰ ਵੀ ਕਾਰਜ ਹਨ। ਨਾਮ ਜਪਣਾ, ਵੰਡ ਛਕਣਾ, ਕਿਰਤ ਕਰਨਾ, ਦਾਨ ਇਸ਼ਨਾਨ ਆਦਿ ਵੀ ਜ਼ਰੂਰੀ ਅੰਗ ਹਨ। ਨਾਮ ਜਪਨਾ ਇਕ ਐਸੀ ਅਵਸਥਾ ਹੈ, ਜਿਥੇ ਆਪਣੀ ਮੈਂ ਨੂੰ ਨਹੀਂ ਚਿਤਾਰਨਾ ਅਤੇ ਚਿਤਾਰਨਾ (ਚਿੱਤ ਵਿਚ

ਉਤਾਰਨਾ) ਅਕਾਲ ਪੁਰਖ ਨੂੰ। ਹਉਮੈ ਦੀ ਮੈਲ ਤਾਂ ਉਤਰੇਗੀ, ਜੇ ਮੈਂ ਨਾ ਰਹੇ। ਮਨ ਖੋਜਿਆ ਹਰ ਰੋਜ਼ ਗੱਲ ਸਾਫ ਹੁੰਦੀ ਜਾਵੇਗੀ। ਜੀਵਾਤਮਾ ਹੀ ਜਦ ਹਉਂ ਦੀ ਮੈਲ ਨਾਲ ਗਲਿਫੀ ਹੋਵੇਗੀ ਤਾ ਅਪਰੰਪਾਰ ਦੀ ਦਿੱਖ ਕਿਵੇਂ ਹੋਵੇਗੀ ? ਇਸ ਲਈ ਸਾਧ ਸੰਗਤ ਵਿਚ ਨਿੱਤ ਹਾਜ਼ਰੀ ਭਰਣ ਨਾਲ ਇਹ ਮੈਲ ਹੌਲੀ ਹੌਲੀ ਉਤਰਦੀ ਰਹੇਗੀ। ਅੰਦਰ ਦੀ ਅਗਨ 'ਸਾਧ ਸੰਗਤ ਮੇਰੀ ਜਲਨ ਬੁਝਾਈ' ਸ਼ਾਂਤ ਹੋਵੇਗੀ। ਅੰਤਰ ਨਿਰਮਲ ਹੋ ਜਾਵੇਗਾ। ਕਈ ਜਨਮਾਂ ਦੀ ਲੱਗੀ ਮੈਲ ਇਨਸਾਨੀ ਹਿਰਦੇ 'ਤੇ ਕਾਲਖ਼ ਦੀ ਮੋਟੀ ਪਰਤ ਚੜ੍ਹਾਈ ਬੈਠੀ ਹੈ। ਬਾਰ ਬਾਰ ਤਰੌਂਕੇ ਮਾਰਨੇ ਪੈਂਦੇ ਹਨ। ਇਹ ਤਰੌਂਕੇ ਨਾਮਬਾਣੀ ਦੇ ਪ੍ਰਭਾਵ ਹਨ। ਇਹ ਮੈਲ, ਸਾਧ ਸੰਗਤ ਵਿਚ ਬਾਰ ਬਾਰ ਜੁੜ ਕੇ, ਮਨ ਨੂੰ ਸਮਝਾ ਸਮਝਾ ਕੇ, ਹੱਥਾਂ ਪੈਰਾਂ ਨਾਲ ਸੇਵਾ ਕਰਕੇ , ਅੰਮ੍ਰਿਤ ਵੇਲੇ ਜਾਗ ਕੇ, ਨਿੱਤਨੇਮ ਅਤੇ ਸਿਮਰਨ ਵਿਚ ਜੁੜ ਕੇ, ਕਦਮ ਕਦਮ ਟੁਰ ਕੇ ਗੁਰਦੁਆਰੇ ਮੱਥਾ ਟੇਕ ਕੇ , ਕੀਰਤਨ, ਕਥਾ, ਅਰਦਾਸ ਅਤੇ ਪ੍ਰਸਾਦ ਮਗਰੋਂ ਸਿੱਧੀ 'ਤੇ ਸਾਦੀ ਜੀਵਨੀ ਜੀਅ ਕੇ ਉਤਰਦੀ ਹੈ।

ਮਨ ਬੜਾ ਚੰਚਲ ਸਦੀਂਦੈ। ਮਨ ਸਥਿਰ ਨਹੀਂ ਰਹਿੰਦਾ। ਮਨੁੱਖੀ ਹਿਰਦੇ ਦੀਆਂ ਸੁਭੌਕੀ ਪ੍ਰਵ੍ਰਿੱਤੀਆਂ 'ਚੋਂ ਮਨ ਇੱਛਾ ਸਭ ਤੋਂ ਪ੍ਰਬਲ ਹੈ। ਆਤਮਾ ਵਾਹਿਗੁਰੂ ਦੀ ਜੋਤ ਸਰੂਪ ਹੈ। ਹਰ ਪ੍ਰਾਣੀ ਦੇ ਪ੍ਰਾਣਾਂ ਸੰਗ ਵਾਸ ਹੈ ਇਸਦਾ। ਮਨ ਨੂੰ ਵੀ ਗੁਰਬਾਣੀ 'ਚ ਜੋਤ ਸਰੂਪ ਕਿਹਾ ਗਿਆ ਹੈ। ਇਸ ਤਰ੍ਹਾਂ ਤਾਂ ਮਨ ਅਤੇ ਆਤਮਾ ਇਕ ਹੋਏ। ਪਰ ਹੋਰ ਗਹੁ ਨਾਲ ਘੋਖਿਆਂ ਪਤਾ ਲਗਦੈ, ਕਿ ਐਸੀ ਗੱਲ ਨਹੀਂ ਹੈ। ਆਤਮਾ ਜਾਗਰੂਕਤਾ ਅਤੇ ਮਨ ਮਾੜੇ ਪਾਸੇ ਟੋਰਣ ਵਾਲੇ ਦੋ ਅਲਗ ਅਲਗ ਰਸਤੇ ਹਨ। ਮਨ ਮੰਨ ਵੀ ਜਾਂਦੈ ਅਤੇ ਸਾਧੇ ਹੋਏ ਹਿਰਦੇ ਦੀ ਗੱਲ ਪੂਰਦੇ। ਚੰਗੇ ਪਾਸੇ ਟੁਰਦੈ, ਪਰ ਝਟ ਪਾਸਾ ਪਰਤ ਕੇ ਭੈੜ ਕੋਲ ਵੀ ਅੱਪੜ ਜਾਂਦੈ। ਹਰ ਮਨੁੱਖ ਪਾਸ ਮਨ ਹੈ ਤੇ ਹਿਰਦੇ ਦੀ ਗਤੀ ਨਾਲ ਇਹ ਵੀ ਪਾਸਾ ਪਰਤਦਾ ਰਹਿੰਦਾ ਹੈ। ਮਨ ਅਤੇ ਆਤਮਾ ਰਲ ਕੇ ਵੀ ਘੋੜਾ ਦੁੜਾ ਲੈਂਦੇ ਹਨ। ਜ਼ਮੀਰ, ਗੈਰਤ, ਅਣਖ, ਫਰਜ਼, ਅਹਿਸਾਸ, ਵਿਸ਼ਵਾਸ, ਧਰਵਾਸ ਆਦਿ ਕਈ ਪ੍ਰਵ੍ਰਿੱਤੀਆਂ ਮਨੁੱਖ ਨਾਲ ਜੀਵਨ ਪਰ ਨਿਭਦੀਆਂ ਹਨ। ਇਹ ਕਿਸੇ ਉਤਸ਼ਾਹ ਦੇ ਵੇਗ ਮਗਰੋਂ ਢਿੱਲੇ ਪੈ ਬੁੱਝ ਵੀ ਸਕਦੇ ਹਨ। ਸੰਗਤ ਜੈਸੀ ਹੋਵੇਗੀ, ਵੈਸਾ ਅਸਰ ਜ਼ਰੂਰ ਪਵੇਗਾ। ਸਾਧ ਸੰਗਤ ਐਸੇ ਸਧੇ ਹਿਰਦੇ ਵਾਲੇ ਪੁਰਖਾਂ ਦੇ ਇਕੱਠ ਨੂੰ ਆਖਦੇ ਨੇ, ਜਿਨ੍ਹਾਂ ਗੁਰੂ ਦੀ ਹਜ਼ੂਰੀ 'ਚ ਜੁੜ ਕੇ ਸਾਧਨਾ ਦਾ ਅਭਿਆਸ ਨਿਤਨੇਮ ਬਣਾ ਰੱਖਿਆ ਹੈ। ਐਸੇ ਪੁਰਖਾਂ ਦੀ ਸੰਗਤ ਮਨ ਅਤੇ ਆਤਮਾ ਦੇ ਦੌਰਾਨ ਚਲ ਰਹੇ ਘੋਲ ਵਿਚ ਵਾਹਿਗੁਰੂ ਦੇ ਰਾਹ 'ਤੇ ਚੱਲਣ ਵਾਲੇ ਪ੍ਰਸੰਗ ਆਪਣਾ ਰੰਗ ਮਨ 'ਤੇ ਚਾੜ੍ਹ ਦੇਣਗੇ। ਇਹ ਨਿੱਤ ਦੇ ਅਭਿਆਸ ਮਗਰੋਂ ਹੋਰ ਪ੍ਰਬਲ ਹੋ ਜਾਂਦਾ ਹੈ।

ਕੋਈ ਮਨੁੱਖ ਜਨਮ ਤੋਂ ਪਾਪੀ ਨਹੀਂ ਹੁੰਦਾ। ਨਾ ਹੀ ਉਹ ਅਪਰਾਧੀ ਜਾਂ ਨੀਚ ਹੁੰਦੈ। ਨੀਚ ਤਾਂ ਉਹ ਸੋਚ ਹੈ, ਜੋ ਨੀਚ ਕੰਮ ਕਰਵਾਂਦੀ ਹੈ। ਅਪਰਾਧ ਇਸ ਦੀ ਹੀ ਉਪਜ ਹੈ। ਹਰ ਬੁਰਾਈ ਦੇ ਪਿੱਛੇ ਬੁਰੀ ਸੋਚ ਵਾਲਾ ਮਨੁੱਖ ਅਤੇ ਹਰ ਭਲੇ ਕਾਰਜ ਪਿੱਛੇ ਭਲੀ ਸੋਚ ਵਾਲਾ ਪੁਰਖ। ਐਸੇ ਪੁਰਖਾਂ ਨੇ ਹੀ ਸਮਾਜ ਘੜੇ ਹਨ। ਐਸੇ ਸਮਾਜ ਮਿਲ ਕੇ ਹੀ ਦੇਸ਼ ਨੂੰ ਕੁਰੂਪ ਜਾਂ ਸਰੂਪ ਬਣਾਂਦੇ ਹਨ। ਸੰਸਾਰ ਅੱਜ ਅਗਨ ਦੇ ਭਭਕਣ ਦੇ ਖਿਨ ਪਲ ਗਿਣ ਰਿਹਾ ਹੈ। ਮਨੁੱਖ ਆਪਣੇ ਅੰਦਰ ਇਕ ਯੁੱਧ ਲੜ ਰਿਹਾ ਹੈ। ਮਨੁੱਖੀ ਕਦਰਾਂ ਤੋਂ ਵਾਂਝਾ ਸੁਖੀ ਜੀਵਨ ਮਨੁੱਖ ਨੂੰ ਨਿਰਾਸ਼ਾ ਵੱਲ ਧੱਕ ਰਿਹਾ ਹੈ। ਅੰਤਰ ਅਗਨ ਦਬੀ ਬੈਠੀ ਹੈ। ਕੁਛ ਗੁਰੂ ਲੜ ਲੱਗੇ ਮਸਤਾਨੇ ਫਾਕਿਆਂ ਨਾਲ ਵੀ ਰੱਜੇ ਪੁੱਜੇ ਰਹਿ ਕੇ ਰੁੱਖੀ ਸੁੱਕੀ 'ਚ ਸੰਤੁਸ਼ਟ ਅਤੇ ਸੰਤੋਖੀ ਜੀਊੜੇ ਬਣੇ ਮਾਨਵਤਾ ਲਈ ਉਜਿਆਰੇ ਬਣੇ ਹੋਏ ਨੇ। ਮਨੁੱਖ ਦਾ ਚੁਗਿਰਦਾ ਵੀ ਪ੍ਰਦੂਸ਼ਿਤ ਹੋ ਗਿਐ। ਅੰਦਰ ਦੀ ਭਟਕਣ ਬਾਹਰ ਦੇ ਦੂਸ਼ਿਤ ਵਾਤਾਵਰਣ ਨਾਲ ਝਈਆਂ ਲੈਂਦਾ ਹੈ। ਗੰਧਲੇ ਪਾਣੀਆਂ 'ਚ ਤਰਕ ਦੀ ਮਧਾਣੀ ਨਾਲ ਸ਼ਾਂਤੀ ਅਤੇ ਅਮ੍ਰਿਤ ਜਹੇ ਮੱਖਣ ਕਿਵੇਂ ਪ੍ਰਾਪਤ ਹੋ ਸਕਦੇ ਹਨ। ਸੰਸਾਰ ਦਾ ਸਾਰਾ ਕੁਝ ਹਵਸਾਂ ਅਤੇ ਬੇਗੈਰਤੀ ਦੇ ਖੇਡ ਖੇਡਦਾ ਭਰਮ ਭਰਮਾਈ ਜਾ ਰਿਹਾ ਹੈ। ਐਸੇ ਅੰਦਰ ਤੇ ਬਾਹਰ ਦੇ ਦੂਸ਼ਿਤ ਜੀਵਨ ਚੈਨ ਕਿਵੇਂ ਪਾ ਸਕਦੇ ਹਨ ? ਮਨੁੱਖ ਸਮੇਂ ਦੇ ਐਸੇ ਮੋੜ 'ਤੇ ਆ ਖਲੋਤਾ ਏ, ਜਿਥੋਂ ਸਰਵਨਾਸ਼ ਕੇਵਲ ਬਟਨ ਦਬਾਂਦੇ ਹੀ ਦਰਪੇਸ਼ ਹੈ। ਦਰਵਨਾਸ਼ ਦਾ ਰਸਤਾ ਤਾਂ ਲੱਭ ਲਿਆ ਹੈ ਮਨੁੱਖ ਨੇ, ਪਰ ਸਰਵਵਿਕਾਸ ਅਤੇ ਸਰਵਪ੍ਰਕਾਸ਼ ਦੀ ਚਾਬੀ ਕਿਥੋਂ ਲਿਆਵੇਗਾ ? ਜੇ ਮਨੁੱਖ ਯਤਨ ਕਰੇ, ਤਾਂ ਗੁਰੂ ਦੀ ਮੱਤ ਵਿਚ ਇਸ ਚਾਬੀ ਦੇ ਮਿਲਣ ਦੀ ਆਸ ਹੈ। ਸਵੈ ਤੇ ਤਿਆਗ ਨਾਲ ਹੀ ਹਉਮੈ ਮਰਦੀ ਹੈ। ਘਰ ਦੇ ਦੋ ਚਾਰ ਜੀਆਂ ਦੇ ਪਰਿਵਾਰ ਤੋਂ ਉਤਾਹ ਉੱਠ ਕੇ ਸਰਬ ਮਾਨਵ ਜਾਤੀ ਦੇ ਭਲੇ ਲਈ ਸੋਚੀਏ, ਤਾ ਸਾਰਾ ਸੰਸਾਰ ਆਪਣਾ ਪਰਿਵਾਰ ਲੱਗੇਗਾ। ਐਸੀ ਸੋਚ ਹੀ ਸਰਬ ਵਿਆਪੀ ਸੱਚ ਦੀ ਪਹਿਚਾਨ ਕਰ ਸਕੇਗੀ। ਐਸੀ ਸੋਚ ਕੇਵਲ ਸੰਗਤ ਵਿਚ ਜੁੜ ਬੈਠਣ ਨਾਲ ਹੀ ਪ੍ਰਾਪਤ ਹੁੰਦੀ ਹੈ। ਸਾਧ ਦੀ ਅਵਸਥਾ ਵਿਚ

ਸਾਧ ਮੀਟਿੰਗਾਂ, ਸਾਧ ਮੁੱਦੇ, ਸਾਧ ਕਾਨਫਰੰਸਾਂ ਅਤੇ ਸਾਧ ਸਭਾਵਾਂ ਹੋ ਸਕਦੀਆਂ ਹਨ। ਹਕੀਕੀ ਸਾਧ ਪ੍ਰਵ੍ਰਿਤੀਆਂ ਸੰਸਾਰ ਦੀ ਸਾਰੀ ਅਗਨ ਨੂੰ ਸ਼ਾਂਤ ਕਰ ਕੇ ਤ੍ਰਿਪਤੀ ਦਾ ਪਸਾਰਾ ਕਰ ਸਕਦੀਆਂ ਹਨ। ਸਾਧ ਸੰਗਤ ਵਿਚ ਆ ਕੇ ਕੋਈ ਉੱਚਾ ਨੀਵਾਂ, ਮਾੜਾ ਚੰਗਾ, ਮੂਰਖ ਸਿਆਣਾ ਨਹੀਂ ਰਹਿੰਦਾ। ਹਰ ਇਕ ਸਾਧ ਬਣ ਜਾਂਦਾ ਹੈ। ਸਵੈ ਦਾ ਤਿਆਗ ਪਰਸੁਖ ਦਾ ਮੂਲ ਹੈ। ਜੇ ਸਾਰੇ ਮਨੁੱਖ ਆਪਣੇ ਆਰਾਮ ਨਾਲ ਦੂਜੇ ਦੇ ਸਰੀਰਕ ਤੇ ਮਾਨਸਿਕ ਆਰਾਮ ਲਈ ਵੀ ਉਤਸ਼ਾਹਿਤ ਹੋਵਣ, ਤਾਂ ਸਭਨਾਂ ਨੂੰ ਸਰੀਰਕ ਤੇ ਆਤਮਕ ਆਨੰਦ ਪ੍ਰਾਪਤ ਹੋਵੇਗਾ।

ਸਿੱਖ ਸਮਾਜ 'ਗੁਰੂ ਦੀ ਆਗਿਆ ਸਤਿ ਸਤਿ ਕਰ ਮਾਨੀ' ਦੀ ਪਾਲ ਚੜ੍ਹਾ ਕੇ ਸੰਸਾਰ ਖੇਤਰ ਵਿਚ ਜੂਝਦਾ ਹੈ। ਸਿੱਖ ਵਿਚਾਰਧਾਰਾ ਨੇ ਮਨੁੱਖੀ ਮਾਨਵ ਜਾਤੀ ਨੂੰ ਚਾਨਣ ਮੁਨਾਰਾ ਬਣਾ ਕੇ ਨਵੀਂ ਸੋਚ ਦਿੱਤੀ ਹੈ। ਸੇਵਾ, ਸਿਮਰਨ, ਸਦਾਚਾਰ ਦਾ ਨਾਹਰਾ ਦਿੱਤਾ ਹੈ। 'ਮਾਨਸ ਦੀ ਜਾਤ ਸਬੈ ਏਕੋ ਪਹਿਚਾਨਬੋ' ਦੀ ਆਵਾਜ਼ ਉਠਾਈ ਹੈ। 'ਕਉਣ ਭਲੇ ਕੋ ਮੰਦੇ' ਦਾ ਪ੍ਰਸ਼ਨ ਉਠਾਇਆ ਹੈ। ਵਾਹਿਗੁਰੂ ਦੇ ਸਰਬ ਵਿਆਪੀ, ਸਰਵਹਿਤ ਸਰੂਪ ਨੂੰ ਸੁਸਜਿਤ ਕਰ ਕੇ ਉਘਾੜਿਆ ਹੈ। ਗੁਰੂ ਸਾਹਿਬਾਨ ਨੇ ਆਪਣੀ ਪੂਜਾ ਨਹੀਂ ਕਰਵਾਈ। ਆਪਣੇ ਆਪ ਨੂੰ ਦਾਸ ਕਿਹਾ ਹੈ। ਉਸਤਤੀ ਵਾਹਿਗੁਰੂ ਦੀ ਕੀਤੀ ਹੈ। ਨਾਮ ਕੇਵਲ ਨਿਰੰਕਾਰ ਦਾ ਜਪਾਇਆ ਹੈ। ਗੁਰਸਿੱਖ ਸਾਰੇ ਸੰਸਾਰ ਦੇ ਭਲੇ ਲਈ ਕੰਮ ਕਰਦਾ ਹੈ। ਨਿੱਜੀ ਹਉਮੈ ਨੂੰ ਮਾਰ ਕੇ ਉਹ ਸਾਰੀ ਲੁਕਾਈ ਲਈ ਵਾਹਿਗੁਰੂ ਦੇ ਚਰਣਾਂ 'ਚ ਅਰਦਾਸ ਕਰਦਾ ਹੈ। ਸੰਸਾਰ ਦੇ ਅਮਨ ਚੈਨ ਲਈ ਜੋਦੜੀਆਂ ਕਰਦਾ ਹੈ। ਆਪਣੇ ਸਵਰਥ ਨੂੰ ਦੂਰ ਰੱਖ ਕੇ ਦੂਜਿਆ ਦੇ ਹਿੱਤ ਲਈ ਯਤਨਸ਼ੀਲ ਰਹਿੰਦਾ ਹੈ। ਗੁਰਸਿੱਖ ਗੁਰੂ ਦੇ ਦਰਸਾਏ ਮਾਰਗ 'ਤੇ ਚੱਲ ਕੇ ਜੀਵਨ ਜਿਉਂਦਾ ਹੈ। ਐਸਾ ਜੀਵਨ ਨਿੱਜ ਲਈ ਨਹੀਂ, ਦੂਜਿਆਂ ਲਈ ਹੁੰਦਾ ਹੈ। ਘਾਲਣਾ ਕਰਨੀ, ਦਸਵੰਧ ਕੱਢਣਾ ਅਤੇ ਭਲਾਈ ਦੇ ਕੰਮ ਕਰਨਾ, ਸਿੱਖ ਦੇ ਜੀਵਨ ਦਾ ਜ਼ਰੂਰੀ ਅੰਗ ਹੈ। ਗੁਰਸਿੱਖ ਲੋਭੀ ਨਹੀਂ ਹੋ ਸਕਦਾ। ਗੁਰਸਿੱਖ ਚੋਰ ਨਹੀਂ ਹੋ ਸਕਦਾ। ਗੁਰਸਿੱਖ ਪਰਤਨਗਾਮੀ, ਲੂਣਹਰਾਮੀ ਅਤੇ ਧਰੋਹੀ ਨਹੀਂ ਹੋ ਸਕਦਾ। ਕਾਮ, ਕ੍ਰੋਧ, ਲੋਭ, ਮੋਹ ਅਤੇ ਹੰਕਾਰ ਆਦਿ ਕੁਕਰਮਾਂ ਤੋਂ ਗੁਰੂ ਦੇ ਵਿਖਾਏ ਮਾਰਗ 'ਤੇ ਚੱਲ ਕੇ ਬਚ ਕੇ ਰਹਿੰਦਾ ਹੈ। ਗੁਰਸਿੱਖ ਪਰਾਏ ਹੱਕ ਨੂੰ ਹਰਾਮ ਨਹੀਂ ਕਰਦਾ। ਗੁਰਸਿੱਖ ਦੇ ਜੀਵਨ ਵਿਚ ਕੂੜ 'ਤੇ ਤਮਹਿ (ਝੂਠ 'ਤੇ ਲਾਲਚ) ਲਈ ਕੋਈ ਸਥਾਨ ਨਹੀਂ ਹੈ।

ਗੁਰਸਿੱਖ ਸਾਧ ਸੰਗਤ ਦੀ ਜਮਾਤੀ ਪਹਿਚਾਨ ਹਨ। ਇਹ ਜਮਾਤ ਜਿਥੇ ਆਪਣਾ ਨਿੱਜੀ ਜੀਵਨ ਵਿਕਸਿਤ ਕਰਣ 'ਚ ਹਰ ਗੁਰੱਖਿ ਨੂੰ ਪ੍ਰੇਰਣਾ ਦਿੰਦੀ ਹੈ, ਉਥੇ ਸਮੂਹਿਕ ਭਲਾਈ ਅਤੇ ਵਿਸ਼ਵ ਸ਼ਾਂਤੀ ਲਈ ਵੀ ਉੱਦਮ ਕਰਦੀ ਹੈ। ਹਰ ਸਾਧ ਸੰਗਤ ਵਿਚ ਆਏ ਸਤਸੰਗੀ ਦਾ ਜੀਵਨ ਇਕ ਮਿਸਾਲ ਹੈ। ਜੇ ਤਾਰੂ ਸਿੰਘ ਜਿਹੇ ਸਿਦਕੀ ਕਿਸਾਨ ਤੋਂ ਭਾਈ ਘਨਈਆ ਜਿਹੇ ਸਿਰੜੀਆਂ ਦੀ ਘਾਲਣਾ ਵੱਲ ਝਾਤੀ ਮਾਰੀਏ, ਤਾਂ ਗੁਰਸਿੱਖ ਨੂੰ ਜੀਵਨ ਜਿਉਣ ਦੀ ਜਾਚ ਆਪੇ ਆ ਜਾਵੇਗੀ। ਸੰਸਾਰ ਦੀ ਭੁੱਟੀ ਭਟਕੀ ਲੁਕਾਈ ਨੂੰ ਇਹ ਇਕ ਅਜੂਬਾ ਨਜ਼ਰੀ ਪੈ ਰਿਹਾ ਹੈ। ਅੰਤਰਰਾਸ਼ਟਰੀ ਪੱਧਰ 'ਤੇ ਜਿਥੇ ਸਿਆਸਤ ਨੇ ਸਾਰੇ ਸੰਸਾਰ ਨੂੰ ਹਾਹਾਕਾਰ ਅਤੇ ਫਨਾਹੀ ਦੇ ਦਵਾਰ ਤੱਕ ਲੈ ਆਂਦਾ ਹੈ, ਉਥੇ ਗੁਰੂ ਘਰ ਦੀ ਵਡਿਆਈ ਨੇ ਸਮਾਜਿਕ ਭਾਈਚਾਰੇ ਵਿਚ ਉਚ ਕੋਟੀ ਦੀਆਂ ਮਾਨਵ ਕਦਰਾਂ ਦਾ ਸੰਚਾਰ ਕਰ ਕੇ ਸਰਬ ਸਾਂਝੇ ਰੱਬ ਦੀ ਸਾਂਝੀ ਰੌਸ਼ਨੀ ਰਾਹੀਂ ਸੱਚ ਦਾ ਰਾਹ ਰੌਸ਼ਨ ਕੀਤਾ ਹੈ। 'ਉਪਦੇਸ਼ ਚਹੁੰ ਵਰਣਾਂ ਕਉ ਸਾਂਝਾ' ਕੇਵਲ ਗੁਰੂ ਘਰ ਤੋਂ ਹੀ ਆਵਾਜ਼ੀਂ ਉਠਿਆ ਹੈ।

ਸਾਧ ਸੰਗਤ ਵਿਚ ਸਮੂਹ ਸੰਗਤ ਇਕਜੁਟ ਜੁੜ ਕੇ ਨਾਮ ਸਿਮਰਨ ਵਿਚ ਲੀਨ ਹੁੰਦੀ ਹੈ। ਆਪ ਜਪਕੇ ਦੂਜਿਆਂ ਨੂੰ ਵੀ ਨਾਮ ਜਪਾਉਣਾ ਇਸ ਸੰਗਤ ਦਾ ਸੁਭਾਅ ਹੈ। ਮਨੁੱਖਤਾ ਅੱਜ ਐਸੀ ਸਾਂਝੀ ਸੋਚ ਤੋਂ ਵਾਂਝੀ ਹੋਈ ਬੈਠੀ ਹੈ। ਆਤਮਿਕ ਭੁੱਖ ਪਿਆਸ ਤੇ ਹਵਾ ਦਾ ਅਨੋਖਾ ਸੰਜੋਗ ਹੈ। ਸਾਧ ਸੰਗਤ, ਜੋ ਜਨਮ ਜਨਮ ਦੀ ਭੁੱਖ ਪਿਆਸ ਮਿਟਾਂ ਕੇ ਸੁਖਾਵੇਂ ਸਾਹ ਪ੍ਰਦਾਨ ਕਰਦੀ ਹੈ। ਵਿਚਾਰ ਵੰਡਣ ਦੀ ਲੋੜ ਹੈ। ਗੁਰੂਘਰ ਦਾ ਸੰਦੇਸ਼ ਸਮੁੱਚੇ ਮਨੁੱਖ ਸਮਾਜ ਦੀ ਭਟਕਣ ਨੂੰ ਸਨੇਹ ਦੇ ਕੇ ਸਦੀਵੀਂ ਸੁੱਖ ਦਾ ਅਹਿਸਾਸ ਕਰਵਾ ਸਕਦਾ ਹੈ। ਹਰ ਮਨੁੱਖ ਮਾਤਰ ਦੀ ਮਾਦਰੀ ਬੋਲੀ ਵਿਚ ਅਨੁਵਾਦ ਹੋਣ 'ਤੇ ਸਿੱਖ ਸਮਾਜ ਜਿਸ ਪ੍ਰਾਂਤ, ਜਿਸ ਦੇਸ਼ ਤੇ ਜਿਸ ਕਾਲ ਵਿਚ ਗੁਰੂ ਨਾਮ ਲੈ ਕੇ ਪੁੱਜੇਗਾ, ਉਸਦਾ ਉਥੇ ਸਨਮਾਨ ਹੋਵੇਗਾ। ਅਨੇਕਾਂ ਬੋਲੀਆਂ, ਅਨੇਕਾਂ ਸਮਾਜਿਕ ਉਤਸਵਾਂ, ਮੇਲਿਆਂ ਤੇ ਧਾਰਮਿਕ ਇਕੱਠਾਂ ਵਿਚ ਗੁਰੂ ਨਾਨਕ ਦੇ ਸੰਦੇਸ਼ ਲੈ ਕੇ ਗੁਰੂ ਦੇ ਲਾਡਲੇ ਮਨੁੱਖਤਾ ਦਾ ਸਰਵੋਤਮ ਨਮੂਨਾ ਬਣ ਕੇ ਜਾਣ। ਸੰਸਾਰ ਗੁਰੂ ਸੰਦੇਸ਼ ਨੂੰ ਸਿਰ ਝੁਕਾਵੇਗਾ।

ਸਾਧ ਸੰਗਤ ਦੇ ਐਸੇ ਵਿਸ਼ਵ ਵਿਆਪੀ ਸਰੂਪ ਦੀ ਘੜਤ ਵਿਚ ਕਈ ਪ੍ਰਕਾਰ ਦੀਆਂ ਰੁਕਾਵਟਾਂ ਦਾ ਜ਼ਿਕਰ ਕੀਤਾ ਜਾਂਦਾ ਹੈ। ਐਸੇ ਮੁਸ਼ਕਿਲ ਮੁੱਦੇ ਮਹਿਸੂਸੇ ਜਾਣ ਅਤੇ ਪੰਥ ਦੀ ਸਰਵੋਚ ਸੋਚਧਾਰਾ ਪਾਸੋਂ ਹੱਲ ਮੰਗੇ ਜਾਣ। ਆਪਣਾ ਆਪਣ ਜੀਵਨ ਗੁਰੂ ਆਦੇਸ਼ ਮੁਤਾਬਕ ਢਾਲ ਕੇ ਪਹਿਲਾਂ ਆਪ ਦ੍ਰਿੜ ਹੋਈਏ। ਸਾਂਝੀਵਾਲਤਾ ਦੇ ਵਡਮੁੱਲੇ ਰਸਤੇ 'ਤੇ ਚੱਲਦਿਆਂ ਸਾਰੀਆਂ ਮਨੁੱਖੀ ਕਦਰਾਂ ਕੀਮਤਾਂ ਦੀ ਇੱਜ਼ਤ ਕਰੀਏ। ਦੂਜੇ ਦੇ ਭਾਵ ਨੂੰ ਉਨ੍ਹਾਂ ਦੀ ਨਜ਼ਰ ਨਾਲ ਤੱਕ ਕੇ ਫੇਰ ਆਪਣੀ ਗੱਲ ਵੀ ਕਹਿ ਦਈਏ। ਦੋਹਾਂ ਦੇ ਸੁਭੋਕੀ ਚਿਤ੍ਰਣ 'ਚੋਂ ਬਹੁਤਾ ਭਾਉਂਦਾ ਰੁਖ ਸਪਸ਼ਟ ਹੋ ਜਾਵੇਗਾ। ਗੁਰੂ ਨਾਨਕ ਦਾ ਮਾਰਗ ਸਰਬ ਵਿਅਕਤੀ ਪ੍ਰਧਾਨ ਹੈ। ਇਸ ਵਿਚ ਸਮੁੱਚੀ ਮਨੁੱਖ ਜਾਤੀ ਦੀ ਭਲਾਈ ਦਾ ਸੱਚਾ 'ਤੇ ਸੁੱਚਾ ਮਾਰਗ ਦ੍ਰਿਸ਼ਟੀਗੋਚਰ ਹੁੰਦਾ ਹੈ।

ਮਨੁੱਖਤਾ ਅੱਜ ਭਰਮ ਭੁਲੇਖਿਆਂ 'ਚ ਉਲਝੀ ਹਫੀ ਟੁੱਟੀ ਡਿਗ ਪਈ ਹੈ। ਗੁਰੂ ਨਾਨਕ ਦੇ ਨਾਮਲੇਵਾ ਗੁਰੂ ਸੰਦੇਸ਼ ਲੈ ਕੇ ਥਾਂ ਥਾਂ 'ਤੇ ਪੁੱਜਣ। ਮਨੁੱਖਤਾ ਅੱਡੀਆਂ ਚੁੱਕ ਗੁਰੂ ਘਰ ਦੇ ਉੱਚੇ ਗੁੰਬਦਾਂ 'ਤੇ ਨਿਸ਼ਾਨ ਸਾਹਿਬਾਂ ਵੱਲ ਤਰਸਦੀਆਂ ਅੱਖਾਂ ਨਾਲ ਤੱਕ ਰਹੀ ਹੈ। ਗੁਰੂ ਨਾਮ ਲੇਵਾ ਮਨੁੱਖਤਾ ਲਈ ਚਾਨਣ ਮੁਨਾਰਾ ਬਣਨ ਦਾ ਸੁਭਾਗਾ ਅਵਸਰ ਹੱਥੋਂ ਨਾ ਜਾਣ ਦੇਣ। ਆਓ, ਅਸੀਂ ਆਪ ਦੀਵਾ ਬਣ ਕੇ ਜਗੀਏ ... ... ਦੀਵਾ ਨਾਮ ਦਾ ਪ੍ਰਕਾਸ਼ ਫੈਲਾਵੇ, ...... ਸਾਧ ਸੰਗਤ ਸਾਰੇ ਭੁੱਲੇ ਭਟਕਿਆਂ ਨੂੰ ਗੁਰੂ ਲੜ ਲਾਵੇ ....... ।

*870, ਸੈਕਟਰ 15, ਫਰੀਦਾਬਾਦ*


**ਗੁਰਸਿੱਖ ਰਿਸ਼ਤਿਆਂ ਲਈ ਸੰਪਰਕ ਕਰੋ**

**ਗੁਰਸਿੱਖ ਸੰਜੋਗ** ਪੰਦਰਾ-ਰੋਜ਼ਾ ਪੱਤਰ

**ਗੁਰਦੁਆਰਾ ਅਕਾਲੀ ਬਾਬਾ ਫੂਲਾ ਸਿੰਘ ਪੂਸਾ ਰੋਡ, ਨਵੀਂ ਦਿੱਲੀ 110 060ਫੋਨ : 25862955**



Hot millions®

Salad Bar & Restaurant

Serving Indian, Chinese, Continental & Italian Food
with a regular Indian & Salad Buffet



For Free Home Delivery
(above Rs. 100/- )

CHD 2723333 SALAD BAR 2723222
PKL 2579888 MOH 2264300



CONTAINS NO FRUIT / CONTAINS ADDED FLAVOUR

SCO 76-79,(First Floor) Sector 17-E, Chandigarh. Tel: 272322, 2723111, 2704858

PEPSI

## ਆਪੋ ਆਪਣੇ ਵਿਚਾਰ

## ਰਾਇ ਬਲਵੰਡ ਤੇ ਸੱਤਾ (ਰਬਾਬੀ)

ਦਿਆਲ ਸਿੰਘ ਪ੍ਰਿੰਸੀਪਲ

ਪੰਥ ਦੇ ਪ੍ਰਸਿੱਧ ਵਿਦਵਾਨ ਡਾ. ਭਾਈ ਸਾਹਿਬ ਭਾਈ ਵੀਰ ਸਿੰਘ ਜੀ ਲਿਖਦੇ ਹਨ ਕਿ "ਸਿੱਖੀ ਦੇ ਮੁਖੀਆਂ (ਰੁਕਨਾਂ) ਵਿਚ ਸ਼੍ਰੋਮਣੀ ਅਕਾਲ ਪੁਰਖ ਤੇ ਦੂਸਰਾ ਗੁਰੂ। ਅਕਾਲ ਪੁਰਖ ਦੀ ਸਿਫ਼ਤ ਸਲਾਹ ਗੁਰਬਾਣੀ ਵਿਚ ਸਤਿਗੁਰਾਂ ਨੇ ਆਪ ਆਪਣੀ ਬਾਣੀਆਂ ਸਿਰ ਬਾਣੀ ਤੇ ਪੱਕੀ ਬਾਣੀ ਵਿਚ ਗਾਂਵੀ ਹੈ, ਪਰ ਗੁਰੂ ਦੀ ਸਿਫਤ ਸਲਾਹ ਸਿੱਖਾਂ ਨੇ ਗਾਉਣੀ ਹੈ।"

ਇਸ ਪਾਸੇ ਸਭ ਤੋਂ ਪਹਿਲਾਂ ਸ਼ੁੱਧ ਹਿਰਦੇ ਵਾਲੇ ਭੱਟਾਂ ਨੇ ਆਪਣੇ ਨਿੱਜ ਤਜ਼ਰਬੇ ਦੇ ਅਧਾਰ 'ਤੇ ਹਿੰਦੀ ਬੋਲੀ ਵਿਚ ਤੇ ਭਾਈ ਗੁਰਦਾਸ ਜੀ ਨੇ ਪੰਜਾਬੀ ਤੇ ਹਿੰਦੀ ਵਿਚ ਅਤੇ ਭਾਈ ਨੰਦ ਲਾਲ ਜੀ ਨੇ ਫਾਰਸੀ ਵਿਚ ਸਤਿਗੁਰਾਂ ਦੇ ਗੁਣ ਦੇ ਯਸ਼ ਗਾਇਨ ਕੀਤੇ ਹਨ। ਇਹ ਸਾਰੇ ਪੂਰਨ ਬ੍ਰਹਮ ਗਿਆਨੀ ਸਨ। ਮਗਰੋਂ ਹੋਰ ਕਵੀਆਂ ਤੇ ਇਤਿਹਾਸਕਾਰਾਂ ਨੇ ਵੀ ਆਪਣੀ ਸ਼ਰਧਾ ਭਾਵਨਾ ਨਾਲ ਗੁਰਾਂ ਦੇ ਬਿਰਤਾਂਤ ਲਿਖੇ। ਜਿਨ੍ਹਾਂ ਨੂੰ ਪੜ੍ਹ ਪੜ੍ਹ ਕੇ ਮਨ ਵਿਚ ਕਈ ਪ੍ਰਕਾਰ ਦੇ ਸ਼ੰਕੇ ਪੈਦਾ ਹੁੰਦੇ ਹਨ। ਜਿਵੇਂ ਆਦਿ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਜੋ ਇਕੱਤੀ ਰਾਗਾਂ ਵਿਚ ਦਰਜ ਹੈ। ਉਸ ਸਬੰਧੀ ਇਤਿਹਾਸਕਾਰਾਂ ਨੇ ਲਿਖਿਆ ਹੈ ਕਿ ਗੁਰੂ ਨਾਨਕ ਦੇਵ ਜੀ ਨੇ 19 ਰਾਗਾਂ ਵਿਚ ਗੁਰੂ ਅਮਰਦਾਸ ਜੀ ਨੇ 17 ਰਾਗਾਂ ਵਿਚ ਅਤੇ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਨੇ ਤੀਹ ਰਾਗਾਂ ਵਿਚ ਬਾਣੀ ਗਾਇਨ ਕੀਤੀ।

ਦੁਨੀਆਂ ਵਿਚ ਗਿਆਨ ਦੋ ਪ੍ਰਕਾਰ ਦੇ ਮੰਨ ਹਨ:

ਇਕ ਆਤਮ ਗਿਆਨ। ਦੂਜਾ ਦੁਨੀਆਵੀ ਗਿਆਨ

ਆਤਮ ਗਿਆਨ ਲਈ ਵੀ ਅਭਿਆਸ ਕਰਨ ਦੀ ਲੋੜ ਹੈ। ਪਰ ਦੁਨੀਆਵੀ ਗਿਆਨ ਪ੍ਰਾਪਤ ਕਰਨ ਹੈ ਤਾਂ ਉਸ ਨੂੰ ਜ਼ਰੂਰ ਕਿਸੇ ਉਸਤਾਦ ਗੁਰੂ ਤੋਂ ਸਿੱਖਣਾ ਹੀ ਪਵੇਗਾ। ਨਾਲੇ ਸ਼ਾਸਤਰ ਸੰਗੀਤ ਅਤੀ ਕਠਿਨ ਵਿਦਿਆ ਹੈ, ਇਸ ਲਈ ਘੱਟੋ ਘੱਟ ਅੱਠ ਦਸ ਸਾਲ ਦਾ ਸਮਾਂ ਚਾਹੀਦਾ ਹੈ। ਬਗੈਰ ਸਿੱਖਿਆ ਕੋਈ ਵੀ ਹੁਨਰ ਨਹੀਂ ਆਏਗਾ।

ਬ੍ਰਹਮ ਗਿਆਨੀ, ਸੰਤ-ਸਾਧ, ਅਵਤਾਰ, ਪੈਗੰਬਰ ਨਿਰਕਸ਼ਰ ਤਾਂ ਹੋ ਸਕਦਾ ਹੈ, ਪਰ ਬਗੈਰ ਪੜ੍ਹੇ ਲਿਖੇ ਉਹ ਉਰਦੂ, ਫਾਰਸੀ, ਸੰਸਕ੍ਰਿਤ ਜਾਂ ਅੰਗਰੇਜ਼ੀ ਨਾ ਬੋਲੇਗਾ ਅਤੇ ਨਾ ਹੀ ਪੜ੍ਹੇ ਲਿਖੇਗਾ। ਭਾਵ ਦੁਨੀਆਵੀ ਵਿੱਦਿਆ ਕਿਸੇ ਤੋਂ ਸਿੱਖਣੀ ਪਵੇਗੀ।

ਸੰਨ 1994 ਵਿਚ ਜਦੋਂ ਮੈਂ ਆਦਿ ਗ੍ਰੰਥ ਵਿਚ ਲਿਖੇ ਇਕ ਤੋਂ ਸਤਾਰਾਂ 'ਘਰ' ਸਬੰਧੀ ਖੋਜ ਕਰ ਰਿਹਾ ਸੀ ਤਾਂ ਮੇਰੀ ਨਜ਼ਰ 'ਬਾਬਾ ਮੋਹਨ ਜੀ ਵਾਲੀਆਂ ਪੋਥੀਆਂ' ਦੀਆਂ ਤਸਵੀਰ ਤੇ ਪਈ। ਇਹ ਦੋਵੇਂ ਤਸਵੀਰਾਂ 'ਜੀਵਨ ਸੰਦੇਸ਼' ਅੰਕ ਵਿਚ ਹਨ, ਜੋ ਮਈ 1951 ਵਿਚ ਪਟਿਆਲਾ ਵਿਖੇ ਛਪਿਆ ਸੀ। ਉਨ੍ਹਾਂ ਤਸਵੀਰਾਂ ਵਿਚ ਇੰਜ ਲਿਖਿਆ ਹੈ :

ੴ ਸਤਿਗੁਰ ਪ੍ਰਸਾਦਿ ਸਚੁ ਨਾਮ ਕਰਤਾ ਪੁਰਖ ਨਿਰਭਉ ਨਿਰਵੇਰ ਅਕਾਲ ਮੂਰਤਿ ਅਜੂਨੀ ਸੰਭਉ ॥੧॥

ਮਲਾਰ ਗੁਰੂ ਬਾਬੇ ਦਾ ਸਬਦ

ਖਾਣਾ ਪੀਅਣਾ ਹਸਣਾ ਸਵਣਾ ਬਿਸਰ ਗਇਆ ਹੈ ਮਰਣਾ"

ਆਦਿ ਗ੍ਰੰਥ ਪੰਨਾ 1254 ਤੇ ਇੰਜ ਲਿਖਿਆ ਹੈ :

ੴ ਸਤਿਨਾਮੁ ਕਰਤਾ ਪੁਰਖੁ ਨਿਰਭਉ ਨਿਰਵੈਰੁ ਅਕਾਲ ਮੂਰਤਿ ਅਜੂਨੀ ਸੈਭੰ ਗੁਰਪ੍ਰਸਾਦਿ ॥

ਰਾਗੁ ਮਲਾਰ ਚਉਪਦੇ ਮਹਲਾ ੧ ਘਰੁ ੧

ਖਾਣਾ ਪੀਣਾ ਹਸਣਾ ਸਉਣਾ ਵਿਸਰਿ ਗਇਆ ਹੈ ਮਰਣਾ ॥

ਦੂਜੀ ਤਸਵੀਰ ਵਿਚ ਮੂਲ ਮੰਤ੍ਰ ਉਤੇ ਲਿਖੇ ਅਨੁਸਾਰ ਹੀ ਹੈ, ਪਰ ਅਗੇ :

ਬਾਬੇ ਕੇ ਸੂਹੂ

ਰਾਗ ਸਾਰਗ ਦੱਖਣੀ ॥2॥

ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪਰਾਨ ਹਮਾਰੇ ॥

ਆਦਿ ਗ੍ਰੰਥ ਪੰਨਾ 1197 'ਤੇ ਲਿਖਿਆ ਹੈ : ਮੂਲ ਮੰਤ੍ਰ ਤੋਂ ਬਾਅਦ

ਰਾਗੁ ਸਾਰਗ ਚਉਪਦੇ ਮਹਲਾ ੧ ਘਰੁ ੧

ਆਪਨੇ ਠਾਕੁਰ ਕੀ ਹਉ ਚੇਰੀ। ਚਰਨ ਗਹੇ ਜਗਜੀਵਨ ਪ੍ਰਭ ਕੇ ਹਉਮੈ ਮਾਰਿ ਨਿਬੇਰੀ ॥ ਰਹਾਉ ॥

ਪੂਰਨ ਪਰਮ ਜੋਤਿ ਪਰਮੇਸਰ ਪ੍ਰੀਤਮ ਪ੍ਰਾਨ ਹਮਾਰੇ ॥

ਬਾਬਾ ਜੀ ਦੀਆ ਪੋਥੀਆਂ ਵਿਚ ਨਾਹ 'ਚਉਪਦੇ' ਨਾਹ 'ਘਰ' ਤੇ ਨਾ ਹੀ ਮੂਲ ਮੰਤ੍ਰ ਆਦਿ ਗ੍ਰੰਥ ਅਨੁਸਾਰ ਲਿਖਿਆ ਹੈ। ਇਸ ਤੋਂ ਇਲਾਵਾ 'ਸਾਰਗ ਦੱਖਣੀ' ਰਾਗ ਭੀ ਆਦਿ ਗ੍ਰੰਥ ਵਿਚ ਦਰਜ ਨਹੀਂ, ਕੇਵਲ ਰਾਗ ਸਾਰੰਗ ਹੈ।

ਭਗਤਾ ਦੀ ਬਾਣੀ ਜਿਹੜੀ ਆਦਿ ਗ੍ਰੰਥ ਵਿਚ ਲਿਖੀ ਹੈ, ਉਸ ਦੀ ਜਾਣਕਾਰੀ ਲਈ ਮੈਂ ਹਿੰਦੀ ਵਿਚ ਛਪੀ ਕਬੀਰ ਬਾਣੀ 'ਬੀਜਕ ਮੂਲ' ਪੁਸਤਕ ਖਰੀਦੀ, ਉਸ ਵਿਚ ਹੀ ਬਾਵਨ ਅੱਖਰੀ, ਸਲੋਕ ਤੇ ਬਹੁਤੇ ਉਹ ਸ਼ਬਦ ਵੀ ਲਿਖੇ ਹਨ, ਜਿਹੜੇ ਆਦਿ ਗ੍ਰੰਥ ਵਿਚ ਭਿੰਨ ਭਿੰਨ ਰਾਗਾਂ ਵਿਚ ਦਰਜ ਹਨ। ਪਰ ਉਸ ਪੁਸਤਕ ਵਿਚ ਕਿਤੇ ਵੀ ਰਾਗ ਨਹੀਂ ਲਿਖਿਆ, ਸਗੋਂ ਉਨ੍ਹਾਂ ਸ਼ਬਦਾਂ ਨੂੰ ਪੜ੍ਹ ਕੇ ਇੰਜ ਮਹਿਸੂਸ ਹੁੰਦਾ ਹੈ, ਜਿਵੇਂ ਕੋਈ ਅਨੁਭਵੀ ਸੰਤ ਆਪਣੇ ਖਯਾਲਾਂ ਨੂੰ ਬਾਣੀ 'ਕਵਿਤਾ' ਰਾਹੀਂ ਬਿਆਨ ਤਾਂ ਕਰਨਾ ਚਾਹੁੰਦਾ ਹੈ, ਪਰ ਅਨਪੜ੍ਹ ਹੋਣ ਕਾਰਨ ਅਟ ਪਟੀ ਕਵਿਤਾ ਉਚਾਰਣ ਕਰ ਰਿਹਾ ਹੈ। ਬਤੌਰ ਉਦਾਹਰਣ :

| *ਬੀਜਕ ਮੂਲ ਪੁਸਤਕ ਵਿਚੋਂ* | *ਆਦਿ ਗ੍ਰੰਥ ਸਾਹਿਬ ਵਿਚੋਂ* |
|---|---|
| ਨੰ; ੧ ਕਰਾਮੁਰਾ ਚਲੀ ਬਿਨਾਵਨ ਮਾਹੋ, ਘਰ ਛੋੜੇ ਜਾਤ ਜੁਲਾਹੋ। ਗਜ ਨਵ ਗਜ ਦਸ ਗਜ ਉਸ ਇਸਕੋ, ਪੁਰੀਆ ਏਕ ਤਨਾਈ। ਸਾਤ ਸੂਤ ਨਵ ਗਾਂਠ ਬਹੱਤਰ, ਪਾਟ੍ਰ ਲਾਗ ਅਧਿਕਾਈ। ਤਾ ਮਹਘਟੈ ਬੜੇ ਰਤਿਯੋ ਨਹਿੰ, ਕਰ ਕਚ ਕਰ ਘਰ ਆਈ। ਨਿਤ ਉਠ ਬੈਠਿ ਖਤਮ ਸੇ ਬਰਕਸ, ਤਾਂ ਮੇਂ ਲਾਗੁ ਤਿਹਾਈ। ਭਾਗੀ ਪੁਰੀਆ ਕਾਮ ਨ ਆਵੈ, ਜੋਲਹਾ ਚਲਾ ਰਿਸਾਈ। ਕਹਹਿ ਕਬੀਰ ਸੁਨੋਹੋ ਸੰਤੋ, ਜਿਨ ਯਹ ਸ੍ਰਿਸ਼ਟੀ ਸਮਾਈ। ਛਾਡ ਪਸਾਰ ਰਾਮ ਭਜੁ ਬੋਰੇ, ਭਵ ਸਾਗਰ ਕਠਨਾਈ ॥129 | ਰਾਗ ਗਉੜੀ ਪੂਰਬੀ ਕਬੀਰ ਜੀ, ਪੰਨਾ 335<br>ਗਜ ਨਵ ਗਜ ਦਸ ਗਜ ਇਕੀਸ ਪੁਰੀਆ ਏਕ ਤਨਾਈ। ਸਾਠ ਸੂਤ ਨਵ ਖੰਡ ਬਹਿਤਰਿ ਪਾਟ ਲਗੋ ਅਧਿਕਾਈ। ੧ ॥ ਗਈ ਬੁਨਾਵਨ ਮਾਹੋ। ਘਰ ਛੋਡਿਐ ਜਾਇ ਜੁਲਾਹੋ ॥੧ ॥ ਰਹਾਉ ॥ ਗਜੀ ਨ ਮਿਨੀਐ ਤੋਲਿ ਨ ਤੁਲੀਐ ਪਾਚਨ ਸੇਰ ਅਢਾਈ ॥ ਜੋ ਕਰਿ ਪਾਚਨੁ ਬੇਗਿ ਨਾ ਪਾਵੇ ਝਗਰ ਕਰੈ ਘਰਹਾਈ ॥੨ ॥ ਦਿਨ ਕੀ ਬੈਠ ਖਸਮ ਦੀ ਬਰਕਸ ਇਹ ਬੇਲਾ ਕਤ ਆਈ ॥ ਛੂਟੇ ਕੂੰਡੇ ਭੀਗੈ ਪੁਰੀਆ ਚਲਿਓ ਜੁਲਾਹੋ ਰੀਸਾਈ ॥੩ ॥ ਛੋਛੀ ਨਲੀ ਤੰਤੁ ਨਹੀਂ ਨਿਕਸੈ ਨਤਰ ਰਹੀ ਉਰਝਾਈ। ਛੋਡਿ ਪਸਾਰੁ ਈਹਾ ਰਹੁ ਬਪੁਰੀ ਕਹੁ ਕਬੀਰ ਸਮਝਾਈ ॥੪ ॥ |
| ਨੰ: 2: ਭੰਵਰ ਉੜ ਬਕ ਬੈਠ ਆਈ। ਰਨੀ ਗਯੋ ਦਿਵਸੋ ਚਲੀ ਆਈ। ਹਲ ਹਲ ਕਾਂਪੇ ਬਾਲਾ ਜੀਵਾ। ਨਹੀਂ ਜਨੋ ਕੋ ਕਰੀ ਹੈਂ ਪੀਵਾ। ਕਾਂਚੇ ਬਾਸਨ ਟਿਕੈ ਨ ਪਾਨੀ। ਉਡਗੋ ਹੰਸ ਕਾਤਾ ਕੁਮਲਾਨੀ। ਕਾਗ ਉੜਾਵਤ ਭੁਜਾ ਪਿਰਾਨੀ। ਕਹਹਿ ਕਬੀਰ ਯਹ ਕਥਾਰਾ ਸਿਰਾਨੀ ॥1621 | ਰਾਗ ਸੂਚੀ ਕਬੀਰ ਜੀ, ਪੰਨਾ 792<br>ਥਰਹਰ ਕੰਪੈ ਬਾਲਾ ਜੀਉ। ਨਾ ਜਾਨਉ ਕਿਆ ਕਰਸੀ ਪੀਉ ।੧ ॥ ਰੈਨਿ ਗਈ ਮਤ ਦਿਨੁ ਭੀ ਜਾਇ ॥ ਭਵਰ ਗਏ ਬਗ ਬੈਠੇ ਆਇ ॥ ੧ ॥ ਰਹਾਉ ॥ ਕਾਚੈ ਕਰਵੈ ਰਹੈ ਨਾ ਪਾਨੀ ॥ ਹੰਸੁ ਚਲਿਆ ਕਾਇਆ ਕੁਮਲਾਨੀ ॥੨ ॥ ਕੁਆਰ ਕੰਨਿਆ ਜੈਸੇ ਕਰਤ ਸੀਗਾਰਾ ॥ ਕਿਉ ਰਲੀਆ ਮਾਨੈ ਬਾਝ ਭਤਾਰਾ ॥2 ॥ ਕਾਗ ਉਡਾਵਤ ਭੁਜਾ ਪਿਰਾਨੀ ॥ ਕਹਿ ਕਬੀਰ ਇਹ ਕਥਾ ਸਿਰਾਨੀ ॥੪ ॥ |
| ਨੰ: ੩: ਸੁਭਾਗੇ ਕੇਹਿ ਕਾਰਣ ਲੋਭ ਲਾਗੇ। ਰਤਨ ਜਨਮ ਗੋ ਖਾਏ। ਪੂਰਵ ਜਨਮ ਜਨਮ ਭੂਮੀ ਕਾਰਣ ਬੀਜ ਕਾਹੇ ਕੇ ਬੋਯੇ। ਬੂੰਦ ਸੇ ਜਿਨ ਪਿਡ ਸਾਜਵੋ ਅਗਿਨਹੁ ਕੁੰਡ ਰਹਾਯਾ। ਦਸਹੁ ਮਾਸ ਮਾਤਾ ਕੇ ਗਰਭਹਿਂ ਬਹੁਰਿ ਲਗਲੋ ਮਾਯਾ। ਬਾਲਹੂ ਤੇ ਵਿਰਧਾ ਹੂਆ ਪੂਨੀ ਸੋਨੀ ਰਹਾ ਸੋਹੁਆ। ਜਬ ਜਮ ਏਹੈਂ ਬਾਂਧੀ ਉਲੈ ਹੈਂ ਨਯਨ ਭਰੀ ਭਰੀ ਰੋਆ। | ਆਸਾ ਸ੍ਰੀ ਕਬੀਰ ਜੀ, ਪੰਨਾ 482<br>ਬਿੰਦੁ ਤੇ ਜਿਨਿ ਪਿੰਡੁ ਕੀਆ ਅਗਨਿ ਕੁੰਡ ਰਹਾਇਆ ॥ ਦਸ ਮਾਸ ਮਾਤਾ ਉਦਰਿ ਰਾਖਿਆ ਬਹੁਰਿ ਲਾਗੀ ਮਾਇਆ ॥੧ ॥ ਪ੍ਰਾਨੀ ਕਾਹੇ ਕਉ ਲੋਭਿ ਲਾਗੇ ਰਤਨ ਜਨਮ ਖੋਇਆ ॥ ਪੂਰਬ ਜਨਮ ਕਰਮ ਭੂਮਿ ਬੀਜੁ ਨਾਹੀ ਬੋਇਆ ॥ ੧ ॥ ਰਹਾਉ। ਬਾਰਿਕ ਤੇ ਬਿਰਧਿ ਭਇਆ ਹੋਨਾਂ ਸੋ ਹੋਇਆ ॥ ਜਾ ਜਮੁ ਆਇ ਝੋਟ ਪਕਰੈ ਤਬਹਿ ਕਾਹੇ ਰੋਇਆ ॥੨ ॥ ਜੀਵਨੈ ਕੀ ਆਸ ਕਰਹਿ ਜਮੁ ਨਿਹਾਰੈ ਸਾਸਾ ॥ ਬਾਜੀਗਰੀ ਸੰਸਾਰੁ |

ਜੀਵਨ ਦੀ ਜਨ ਆਸ਼ਾ ਰਾਹਹੁੰ ਕਾਘ ਘੇਰੈ ਸਵਾਸਾ। ਬਾਜੀ ਹੈ ਸੰਸਾਰ ਕਬੀਰਾ, ਵਿਤ ਚੇਤੀ ਡਾਰਹ ਪਾਸਾ। 76

ਕਬੀਰਾ ਚੇਤਿ ਢਾਲਿ ਪਾਸਾ ॥ ੩ ॥

ਨੰ; 4; ਚਲਹੁ ਕਯਾ ਟੇਢੋ ਟੇਢੋ। ਦਸਹੁ ਦਵਾਰ ਨਰਕ ਭਰਿ ਬੂਢੇ ਤੂ ਗੰਧੀਕਾ ਬੇਢੋ। ਫੂਟੋ ਨਯਨ ਹਿਰਦਯ ਨਹੀਂ ਸੂਝੈ ਮਤੀ ਏਕ ਨਹੀਂ ਜਾਨੀ। ਕਾਮ ਕ੍ਰੋਧ ਤ੍ਰਿਸ਼ਣਾ ਕੇ ਮਾਂਤੇ ਬੂਡੀ ਮੁਏ ਬਿਨ ਪਾਣੀ। ਜੋ ਜਾਰੇ ਤਲ ਹੋਯ ਭਸ਼ਮ ਧਰੀ ਗਾਢੇ ਕ੍ਰਮੀ ਵਿਟ ਖਾਈ। ਚੇਤੁ ਨ ਦੇਖੀ ਮੁਗਧ ਨਾਲ ਬੋਰੇ, ਤੁਮਤੇ ਕਾਲ ਨ ਦੂਰੀ। ਕੋਟਿਕ ਯਤਨ ਕਰੋ ਯਾ ਤਨਕੋ ਅੰਤ ਅਵਸਥਾ ਧੂਰੀ। ਬਾਲੂ ਕੇ ਘਰਵਾ ਮਹਿੰ ਬੈਠੇ, ਚੇਤਤ ਨਾਹੀਂ ਅਯਾਨਾ। ਕਹਹਿੰ ਕਬੀਰ ਏਕਾ ਰਾਮ ਭਜੇ ਬਿਨ, ਬੂਡੇ ਬਹੁਤ ਸਯਾਨਾ ।98

ਰਾਗੁ ਕੇਦਰਾ ਬਾਣੀ ਕਬੀਰ ਜੀ , ਪੰਨਾ...

ਕਾਮ ਕ੍ਰੋਧ ਤ੍ਰਿਸ਼ਨਾ ਕੇ ਲੀਨੇ ਗਤਿ ਨਹੀ ਏਕੈ ਜਾਨੀ ॥ ਫੂਟੀ ਆਖੈ ਕਛੂ ਨ ਸੂਝੈ ਬੂਡਿ ਮੁਏ ਬਿਨੁ ਪਾਨੀ ॥੧ ॥ ਚਲਤ ਕਤ ਟੇਢੇ ਟੇਢੇ ਟੇਢੇ ॥ ਅਸਤਿ ਚਰਮ ਬਿਸਟਾ ਕੇ ਮੂੰਦੇ ਦੁਰਗੰਧ ਹੀ ਕੇ ਬੇਢੇ ॥ ੧ ॥ ਰਹਾਉ ॥ ਰਾਮ ਨ ਜਪਹੁ ਕਵਨ ਭ੍ਰਮ ਭੂਲੇ ਤੁਮਤੇ ਕਾਲੁ ਨਾ ਦੂਰੇ ॥ ਅਨਿਕ ਜਤਨ ਕਰਿ ਇਹ ਤਨੁ ਰਾਖਹੁ ਰਹੈ ਅਵਸਥਾ ਪੂਰੇ ॥੨ ॥ ਆਪਨ ਕੀਆ ਕਛੂ ਨ ਹੋਵੈ ਕਿਆ ਕੋ ਕਰੈ ਪਰਾਨੀ ॥ ਜਾ ਤਿਸ ਭਾਵੈ ਸਤਿਗੁਰੁ ਭੇਟੈ ਏਕੋ ਨਾਮੁ ਬਖਾਨੀ ॥੩ ॥ ਬਲੂਆ ਕੇ ਘਰੂਆ ਮਹਿ ਬਸਤੇ ਫੁਲਵਤ ਦੇਹ ਆਇਆਨੇ ॥ ਕਹੁ ਕਬੀਰ ਜਿਹ ਰਾਮੁ ਨੇ ਚੇਤਿਓ ਬੂਡੇ ਬਹੁਤ ਸਿਆਨੇ ॥੪ ॥

---

ਉਤੇ ਲਿਖੇ 'ਬੀਜਕ ਮੂਲ' ਪੁਸਤਕ ਦੇ ਸ਼ਬਦਾਂ ਦਾ ਅੰਤ੍ਰੀਵ ਭਾਵ ਆਦਿ ਗ੍ਰੰਥ ਦੇ ਸ਼ਬਦਾਂ ਨਾਲ ਮਿਲਦਾ ਹੈ। ਪਰ ਪੁਸਤਕ ਵਿਚ ਕਿਤੇ ਵੀ ਰਾਗ ਦਾ ਜ਼ਿਕਰ ਨਹੀਂ। ਨਾ ਉਨ੍ਹਾਂ ਸ਼ਬਦਾਂ ਵਿਚ (ਰਹਾਉ) ਦੀ ਤੁਕ ਹੈ ਅਤੇ ਨਾ ਹੀ ਆਦਿ ਗ੍ਰੰਥ ਵਿਚ ਲਿਖੇ 'ਦੋਤੁਕੇ ਤਿਪਦੇ ਚਉਪਦੇ' ਵਾਂਗ ਬਾਣੀ ਲਿਖੀ ਹੈ। ਬਾਕੀ ਕਵਿਤਾ ਦੀ ਤੁਕ ਬੰਧੀ ਆਪ ਪੜ੍ਹ ਲਵੋ ।

ਪ੍ਰੋਫੈਸਰ ਸਾਹਿਬ ਸਿੰਘ ਜੀ ਕਰਤਾ 'ਸ੍ਰੀ ਗੁਰੂ ਗ੍ਰੰਥ ਸਾਹਿਬ ਦਰਪਣ' ਨੇ ਆਪਣੀ ਖੋਜ ਨਾਲ ਸਾਬਤ ਕੀਤਾ ਹੈ ਕਿ ਆਦਿ ਗ੍ਰੰਥ ਵਿਚ ਜਿਹੜੇ ਭਗਤਾਂ ਦੀ ਬਾਣੀ ਲਿਖੀ ਹੈ, ਉਸਨੂੰ ਗੁਰੂ ਨਾਨਕ ਦੇਵ ਜੀ ਆਪ ਉਨ੍ਹਾਂ ਸੰਤਾਂ ਭਗਤਾਂ ਜਾਂ ਉਨ੍ਹਾਂ ਦੇ ਗੱਦੀ ਨਸ਼ੀਨਾਂ ਤੋਂ ਲਿਖ ਕੇ ਲਿਆਏ ਸਨ। ਗੁਰੂ ਜੀ ਨੇ ਭਗਤਾਂ ਦੀ ਬਾਣੀ ਨੂੰ ਅਤੇ ਆਪ ਉਚਾਰਨ ਕੀਤੀ ਬਾਣੀ ਜੋ ਯਾਤਰਾ ਸਮੇਂ ਲਿਖਦੇ ਰਹੇ, ਉਸਨੂੰ ਕਰਤਾਰਪੁਰ ਤਰਤੀਵ ਵਾਰ ਨਵੇਂ ਸਿਰੋਂ ਲਿਖਿਆ।

ਸੰਮਤ 1579 ਵਿਚ ਕਰਤਾਰਪੁਰ (ਜਿਸ ਨੂੰ ਗੁਰੂ ਸਾਹਿਬ ਨੇ ਸੰਮਤ 1561 ਵਿਚ ਆਬਾਦ ਕੀਤਾ ਸੀ) ਵਿਰਾਜ ਕੇ ਗਿਆਨ ਅਤੇ ਭਗਤੀ ਦੇ ਸਦਾ ਵਰਤਾ ਨਾਲ ਅੰਨ ਦਾ ਲੰਗਰ ਸਭ ਲਈ ਜਾਰੀ ਕੀਤਾ।

ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਗਿਆ ਪਾ ਕੇ ਕੀਰਤਨ ਦੇ ਨਿਯਮ ਉਲੀਕੇ ਗਏ :

ਅੰਮ੍ਰਿਤ ਵੇਲੇ ਆਸਾ ਦੀ ਵਾਰ ਗਾਉਣ ਦੀ ਰੀਤ ਭਾਈ ਲਹਿਣਾ ਜੀ (ਗੁਰੂ ਅੰਗਦ ਦੇਵ ਜੀ) ਨੇ ਗੁਰੂ ਨਾਨਕ ਸਵਾਮੀ ਦੀ ਆਗਿਆ ਅਨੁਸਾਰ ਕਰਤਾਰਪੁਰ ਸਥਾਪਤ ਕੀਤੀ। ਗਿਆਨ ਰਤਨਾਵਲੀ ਦੇ ਕਰਤਾ ਭਾਈ ਮਨੀ ਸਿੰਘ ਜੀ ਲਿਖਦੇ ਹਨ : 'ਅੰਮ੍ਰਿਤ ਵੇਲੇ ਸਵਾ ਪਹਿਰ ਦਿਨ ਚੜ੍ਹਿਆਂ ਤੀਕਰ ਬਾਣੀ ਦੀ ਚਰਚਾ ਹੋਣ, ਉਪਰੰਤ ਕੀਰਤਨ ਹੋਵੇ ਫੇਰ ਆਰਤੀ ਪੜੀਏ, ਤੀਸਰੇ ਪਹਿਰ ਕੀਰਤਨ ਕਰੀਏ, ਸੰਧਿਆ ਨੂੰ ਰਹਿਰਾਸ ਪੜ੍ਹੀਏ, ਫੇਰ ਕੀਰਤਨ ਗਾਵੀਏ ਤੇ ਪਹਿਰ ਰਾਤ ਗਈ ਸੋਹਿਲਾ ਪੜ੍ਹੀਏ ਅਤੇ ਫੇਰ ਪਿਛਲੀ ਰਾਤ ਜਪੁ ਪੜ੍ਹੀਏ ਅਰ ਆਸਾ ਦੀ ਵਾਰ ਪੜ੍ਹੀਏ।'

ਸ੍ਰੀ ਗੁਰੂ ਨਾਨਕ ਦੇਵ ਜੀ ਦਾ ਅਨਿਨ ਸੇਵਕ ਭਾਈ ਮਰਦਾਨਾ ਜੀ ਦੇ ਦੋ ਪੁੱਤਰ ਸਨ, ਭਾਈ ਸਜਾਦਾ ਤੇ ਭਾਈ ਰਜਾਦਾ। ਇਹ ਦੋਵੇਂ ਕਰਤਾਰਪੁਰ ਵਿਖੇ ਕੀਰਤਨ ਸੇਵਾ ਕਰਦੇ ਰਹੇ। ਭਾਈ ਰਜਾਦੇ ਦੇ ਦੋ ਪੁੱਤਰ ਭਾਈ ਸਾਦੂ ਤੇ ਭਾਈ ਬਾਦੂ ਹੋਏ, ਅਤੇ ਗੁਰੂ ਅੰਗਦ ਦੇਵ ਜੀ ਦੇ ਸਮੇਂ ਦਰਬਾਰ ਵਿਚ ਕੀਰਤਨ ਕਰਨ ਦੀ ਸੇਵਾ ਮੁੱਖ ਤੌਰ ਤੇ ਮਰਦਾਨਾ ਘਰਾਣੇ ਦੇ ਮਰਾਸੀ (ਰਬਾਬੀ) ਹੀ ਨਿਭਾ ਰਹੇ ਸਨ। ਇਨ੍ਹਾਂ ਤੋਂ ਇਲਾਵਾ ਭਾਈ ਝਾਝੂ, ਮੁਕੰਦਾ ਤੇ ਕੇਦਾਰਾ ਗੁਰੂ ਅੰਗਦ ਦੇਵ ਜੀ ਦੇ ਹਜ਼ੂਰ ਆਏ। 'ਗਰੀਬ ਨਿਵਾਜ ਜੀ, ਸਾਡੇ ਉਧਾਰ ਕਿਉਂ ਕਰ ਹੋਵੇ ? ਤਾਂ ਬਚਨ ਹੋਇਆ ਤੁਸਾਂ ਨੂੰ ਰਾਗ ਦੀ ਸਮਝ ਹੈ ਤੇ

ਕਲਜੁਗ ਵਿਚ ਕੀਰਤਨ ਦੇ ਸਮਾਨ ਹੋਰ ਕੋਈ ਜੋਗ ਤਪ ਨਹੀਂ। ਇਹ ਸਾਂਤਕੀ ਸਾਧਨ ਹੈ, ਤੁਸੀਂ ਕੀਰਤਨ ਕੀਤਾ ਕਰੋ।' ਇੰਜ ਇਹ ਵੀ ਗੁਰੂ ਦਰਬਾਰ ਵਿਚ ਕੀਰਤਨ ਸੇਵਾ ਤੇ ਲਗ ਗਏ। ਇਹੋ ਮਰਿਯਾਦਾ ਕਰਤਾਰਪੁਰ, ਖਡੂਰ ਸਾਹਿਬ ਅਤੇ ਫਿਰ ਗੋਇੰਦਵਾਲ ਕਾਇਮ ਰਹੀ।

ਗੁਰੂ ਅਮਰਦਾਸ ਜੀ ਨੇ ਸਿੰਘਾਸਨ ਤੇ ਵਿਰਾਜ ਕੇ ਸਿੱਖ ਧਰਮ ਦਾ ਉੱਤਮ ਪ੍ਰਚਾਰ ਕੀਤਾ। ਆਪਣੇ ਸਿੱਖਾਂ ਵਿਚੋਂ 22 ਉੱਤਮ ਪ੍ਰਚਾਰਕ ਚੁਣ ਕੇ ਉਨ੍ਹਾਂ ਨੂੰ ਮੰਜੀਆਂ 'ਗੱਦੀਆਂ' ਬਖਸ਼ੀਆਂ। ਜਿਨ੍ਹਾਂ ਨੇ ਦੇਸ਼ ਦੇਸ਼ਾਂਤਰਾਂ ਵਿਚ ਪ੍ਰਚਾਰ ਕੀਤਾ ਅਰ ਧਰਮਸ਼ਾਲਾ ਥਾਪੀਆਂ। ਸੰਮਤ 1616 ਵਿਚ ਚੁਰਾਸੀ ਪੌੜੀਆਂ ਦੀ ਬਾਵਲੀ ਰਚੀ ਅਤੇ ਉਸਦੀ ਮਹਾਨਤਾ ਨੂੰ ਦਰਸਾਇਆ। ਇੰਜ ਦੂਰੋਂ ਨੇੜਿਓਂ ਜਥਿਆਂ ਦੇ ਰੂਪ ਵਿਚ ਸਿੱਖ ਸੰਗਤਾਂ ਦੇ ਆਉਣ ਨਾਲ ਗੋਇੰਦਵਾਲ ਦੀ ਰੌਣਕ ਬਹੁਤ ਵੱਧ ਗਈ।

ਆਦਿ ਗ੍ਰੰਥ ਵਿਚ ਜਿਨ੍ਹਾਂ 19 ਰਾਗਾਂ ਵਿਚ ਗੁਰੂ ਨਾਨਕ ਦੇਵ ਜੀ ਦੀ ਬਾਣੀ ਲਿਖੀ ਹੈ, ਲਗਭਗ ਉਨ੍ਹਾਂ ਵਿਚ ਹੀ ਭਗਤਾਂ ਦੀ ਬਾਣੀ ਦਰਜ ਹੈ ਅਤੇ ਰਾਗ ਤਿਲੰਗ ਤੇ ਤੁਖਾਰੀ ਨੂੰ ਛੱਡ ਕੇ ਬਾਕੀ 17 ਰਾਗਾਂ ਵਿਚ ਗੁਰੂ ਅਮਰਦਾਸ ਜੀ ਦੀ ਬਾਣੀ ਹੈ।

ਉਪਰੋਕਤ ਸਾਰੀ ਵਾਰਤਾ ਦਾ ਸਾਰ ਅੰਸ਼ ਇਹੋ ਹੈ ਕਿ ਸੰਮਤ 1579 ਤੋਂ 1631 ਤੱਕ, ਇਕਵੰਜਾ-ਬਵੰਜਾ ਸਾਲ ਉਨੀ ਰਾਗਾਂ ਵਿਚ ਭਾਈ ਮਰਦਾਨਾ ਘਰਾਣਾ ਹੀ ਗੁਰੂ ਦਰਬਾਰ ਵਿਖੇ ਕੀਰਤਨ ਕਰ ਰਿਹਾ ਸੀ। ਲਗਭਗ ਸੰਮਤ 1625 ਵਿਚ ਜਦੋਂ ਸੰਗਤਾਂ ਗੋਇੰਦਵਾਲ ਹੁੰਮ ਹੁਮਾ ਕੇ ਆਉਣ ਲੱਗੀਆਂ ਤਾਂ ਰਾਇ ਬਲਵੰਡ ਨੂੰ ਤਲਵੰਡੀ ਤੋਂ ਬੁਲਾਇਆ। ਬਾਵਾ ਸਰੂਪ ਦਾਸ ਭੱਲਾ ਨੇ 'ਮਹਿਮਾ ਪ੍ਰਕਾਸ਼ (ਛੰਦ) ਵਿਚ ਰਾਇ ਬਲਵੰਡ ਨੂੰ ਜੰਗਲ (ਮਾਲਵੇ) ਤੋਂ ਆਇਆ ਲਿਖਿਆ ਹੈ।'

ਮੱਧ ਕਾਲੀਨ ਸਮੇਂ ਤਲਵੰਡੀ ਘਰਾਣਾ ਬਹੁਤ ਉਘਾ ਸੀ। ਪ੍ਰਸਿੱਧ ਵਾਰਤਾ ਹੈ ਕਿ ਬਾਦਸ਼ਾਹ ਅਕਬਰ ਦੇ ਦਰਬਾਰ ਵਿਚ ਤਲਵੰਡੀ ਵਾਲਿਆਂ ਨੂੰ ਪੁਛਿਆ ਗਿਆ। ਤੁਸੀਂ ਕਿੰਨੀ ਕਿਸਮ ਦਾ ਧਰੁਪਦ ਗਾ ਲੈਂਦੇ ਹੋ, ਉਨ੍ਹਾਂ ਜਵਾਬ ਦਿੱਤਾ ਕਿ ਇਕ ਘੜਾ ਛੋਲਿਆਂ ਦਾ ਭਰ ਕੇ ਰੱਖ ਲਿਆ ਜਾਵੇ, ਜਿੰਨੇ ਦਾਣੇ ਉਸ ਵਿਚੋਂ ਨਿਕਲਣ ਉਤਨੀਆਂ ਕਿਸਮਾਂ ਦੇ ਅਸੀਂ 'ਧਰੁਪਦ ਧਮਾਰ' ਪੇਸ਼ ਕਰਦੇ ਜਾਵਾਂਗੇ। ਰਾਇ ਬਲਵੰਡ ਨੂੰ ਇਕ ਹਜ਼ਾਰ ਧਰੁਪਦ ਕੰਠ ਸਨ। ਇਹ ਕੋਈ ਸਧਾਰਨ ਰਾਗੀ ਨਹੀਂ ਸਨ, ਉਚ ਕੋਟੀ ਦੇ ਗਾਇਕ ਵਾਦਕ ਸਨ, ਜੋ ਬਾਅਦ ਵਿਚ ਗੁਰੂ ਘਰ ਦੇ ਪ੍ਰਸਿੱਧ ਕੀਰਤਨੀਏ (ਰਬਾਬੀ) ਕਹਿਲਾਏ।

ਇਥੇ ਇਕ ਗੱਲ ਨੋਟ ਕਰਨ ਵਾਲੀ ਹੈ ਕਿ ਗੋਇੰਦਵਾਲ ਹੀ ਬਾਬਾ ਪ੍ਰਿਥੀਚੰਦ, ਮਹਾਦੇਵ ਅਤੇ ਸੰਮਤ 1620 ਵਿਚ ਸ੍ਰੀ ਗੁਰੂ ਅਰਜਨ ਦੇਵ ਜੀ ਦਾ ਜਨਮ ਹੋਇਆ। ਪੰਜ ਛੇ ਸਾਲ ਦੀ ਆਯੂ ਤੋਂ ਹੀ ਆਪਜੀ ਨੇ ਸਾਸ਼ਤ੍ਰੀ ਸੰਗੀਤ ਦਾ ਅਭਿਆਸ ਸ਼ੁਰੂ ਕੀਤਾ, ਜਿਸ ਦੀ ਅਗਵਾਈ ਰਾਇ ਬਲਵੰਡ ਕਰਦਾ ਸੀ। ਇੰਜ 14-15 ਸਾਲ ਦੀ ਆਯੂ ਤੱਕ ਆਪ ਗੁਰਬਾਣੀ ਸੰਗੀਤ ਦੇ ਮਾਹਿਰ ਹੋ ਗਏ। ਉਸ ਸਮੇਂ 'ਮ੍ਰਿਦੰਗ' ਤੇ ਵੱਜਣ ਵਾਲੇ ਵੱਡੇ ਵੱਡੇ ਤਾਲਾਂ ਵਿਚ ਕੀਰਤਨ ਹੁੰਦਾ ਸੀ ਅਤੇ ਸੱਤਾ ਬਲਵੰਡ ਧਰੁਪਦ ਧਮਾਰ ਗਾਉਣ ਵਾਲੇ ਗੁਰੂ ਘਰ ਵਿਖੇ ਕੀਰਤਨ ਕਰਦੇ ਸਨ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਉਸ ਸਮੇਂ 'ਧਰੁਪਦ ਧਮਾਰ' ਤੋਂ ਇਲਾਵਾ ਖਾਸ ਮੌਕਿਆਂ ਤੇ ਗਾਉਣ ਲਈ ਇਕ ਨਵੀਂ ਸ਼ੈਲੀ ਤਿਆਰ ਕੀਤੀ। ਜਿਸ ਨੂੰ 'ਪੜਤਾਲ' ਆਖਦੇ ਹਨ। ਸ਼ੁਧ ਰੂਪ ਵਿਚ 'ਪੜਤਾਲ' ਗਾਉਣਾ ਸਭ ਤੋਂ ਕਠਿਨ ਹੈ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਕੇਵਲ ਗੁਰੂ ਰਾਮਦਾਸ ਜੀ ਤੇ ਗੁਰੂ ਅਰਜਨ ਦੇਵ ਜੀ ਦੀਆਂ ਹੀ ਭਿੰਨ ਭਿੰਨ ਰਾਗਾਂ ਵਿਚ 'ਪੜਤਾਲਾਂ' ਲਿਖੀਆਂ ਹਨ। ਇਸ ਤੋਂ ਇਲਾਵਾ ਗਿਆਰਾਂ ਰਾਗ ਹੋਰ ਵਧਾਏ ਗਏ, ਉਨ੍ਹਾਂ ਵਿਚ ਦੋ ਤਿੰਨ ਭਗਤਾਂ ਦੇ ਕੁਝ 'ਸ਼ਬਦ' ਹਨ। ਬਾਕੀ ਚੌਥੇ ਤੇ ਪੰਜਵੇਂ ਗੁਰੂ ਸਾਹਿਬ ਦੀ ਬਾਣੀ ਹੈ। ਸਮੇਂ ਨੂੰ ਮੁੱਖ ਰਖਦਿਆਂ ਗੁਰੂ ਅਰਜਨ ਦੇਵ ਜੀ ਨੇ ਹੀ ਗੁਰ-ਸਿੱਖਾਂ ਨੂੰ ਕੀਰਤਨ (ਸਾਸ਼ਤ੍ਰ-ਸੰਗੀਤ) ਸਿੱਖਣ ਸਿਖਾਉਣ ਲਈ 'ਕੀਰਤਨ ਟਕਸਾਲ' ਕਾਇਮ ਕੀਤੀ, ਜਿਸ ਦਾ ਹੁਣ ਕਿਤੇ ਨਾਮੋ ਨਿਸ਼ਾਨ ਨਜ਼ਰ ਨਹੀਂ ਆਉਂਦਾ।

ਅਖੀਰ ਵਿਚ ਮੈਂ ਬੇਨਤੀ ਕਰਨਾ ਚਾਹੁੰਦਾ ਹਾਂ ਕਿ ਇਹ ਲੇਖ ਆਮ ਸ਼ਰਧਾਵਾਨ ਸਿੱਖਾਂ ਦੀ ਸਮਝ ਵਿਚ ਆਣ ਵਾਲਾ ਨਹੀਂ। ਕਿਉਂਕਿ ਕਿਸੇ ਗੁਰੂ ਸਾਹਿਬ ਨੇ ਆਪਣੇ ਜੀਵਨ ਸਬੰਧੀ ਆਪ ਕੁਝ ਨਹੀਂ ਲਿਖਿਆ। ਕੇਵਲ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਹੀ ਟੂਕ-ਮਾਤ੍ਰ 'ਬਚਿਤ੍ਰ ਨਾਟਕ ਵਿਚ ਲਿਖਿਆ ਹੈ:

ਚੌਪਈ॥ ਮੁਰ ਪਿਤ ਪੂਰਬ ਕੀਯਸਿ ਪਯਾਨਾ॥
ਭਾਂਤਿ ਭਾਂਤਿ ਕੇ ਤੀਰਥਿ ਨਾਨਾ॥
ਜਬ ਹੀ ਜਾਤ ਤ੍ਰਿਬੇਣੀ ਭਏ॥
ਪੁੰਨ ਦਾਨ ਦਿਨ ਕਰਤ ਬਿਤਏ॥੧॥
ਤਹੀ ਪ੍ਰਕਾਸ ਹਮਾਰਾ ਭਯੋ॥

ਪਟਨਾ ਸਹਰ ਬਿਖੈ ਭਲ ਲਯੋ ॥
ਮੱਦ੍ਰ ਦੇਸ ਹਮ ਕੋ ਲੈ ਆਏ ॥
ਭਾਂਤਿ ਭਾਂਤਿ ਦਾਈਅਨਿ ਦੁਲਰਾਏ ॥੨ ॥
ਕੀਨੀ ਅਨਿਕ ਭਾਂਤਿ ਤਨ ਰੱਛਾ ॥
ਦੀਨੀ ਭਾਂਤਿ ਭਾਂਤਿ ਕੀ ਸਿੱਛਾ ॥
ਜਬ ਹਮ ਧਰਮ ਕਰਮ ਸੋ ਆਏ ॥
ਦੇਵ ਲੋਕ ਤਬ ਪਿਤਾ ਸਿਧਾਏ ॥੩ ॥

ਕੇਵਲ ਗੁਰੂ ਸਾਹਿਬ ਦਾ ਲਿਖਿਆ 'ਦੁਲਰਾਏ, ਤਨ ਰੱਛਾ ਤੇ ਭਾਂਤਿ ਭਾਂਤਿ ਕੀ ਸਿੱਛਾ ॥' ਰਾਹੀਂ ਸਭ ਲੇਖ ਸਮਝ ਆ ਜਾਏਗਾ।

---

*ਗੁਰਮਤਿ ਵਿਦਿਆਲਾ,*
*ਗੁਰਦੁਆਰਾ ਰਕਾਬ ਗੰਜ, ਨਵੀਂ ਦਿੱਲੀ।*


THE SIKH REVIEW

(A Monthly Magazine)

**116, Karnani Mansion**
**25-A, Park Street, Kolkata**

Phone : (O) 011-23312440

**Sawhney Cloth House**

46, Shanker Market, Connaught Circus, New Delhi - 110 001

**Communication Centre**
**Formal Restaurants**
**Exhibition Rooms**
**Accommodation**
**Informal Eating**
**Tours & Travels**
**Conferencing**
**Floral Shop**

**Premium Event Centre**
**Millennium Centre**
**Deliberations**
**Abhinandan**
**Exporama**
**Mind Set**
**Art Craft**

THE AROMA

**Sector: 22 - C, Chandigarh,**
**Ph.:** 2700045-48 **Fax :** 0172-2700051
**E-mail :** hotelaroma@glide.net.in
**Website :** www.hotelaroma.com

# ਮਨੁੱਖੀ ਜੀਵਨ ਵਿਚ ਸੰਗੀਤ ਦੀ ਮਹੱਤਤਾ

ਜਸਵੀਰ ਸਿੰਘ ਸਿੱਧੂ

ਸਾਰੀਆਂ ਕੋਮਲ ਕਲਾਵਾਂ ਵਿਚੋਂ ਸੰਗੀਤ ਕਲਾ ਦਾ ਸਥਾਨ ਮਹੱਤਵਪੂਰਨ ਅਤੇ ਗੌਰਵਮਈ ਹੈ। ਸੰਗੀਤ ਦਾ ਅਧਿਐਨ ਕਰਨ ਅਤੇ ਅਭਿਆਸ ਕਰਨ ਨਾਲ ਮਨੁੱਖ ਵਿਵੇਕ-ਸ਼ੀਲ, ਸੂਝਵਾਨ ਜੀਵਨ ਹੋਣ ਦੇ ਨਾਤੇ ਸੰਗੀਤ ਰਾਹੀਂ ਇਕ ਖਾਸ ਕਿਸਮ ਦਾ ਆਨੰਦ ਪ੍ਰਾਪਤ ਕਰ ਸਕਦਾ ਹੈ। ਮਨੁੱਖ ਤੋਂ ਬਿਨਾਂ ਪਸ਼ੂਆਂ, ਜਾਨਵਰਾਂ, ਪੰਛੀਆਂ ਨੂੰ ਵੀ ਸੰਗੀਤ ਦੁਆਰਾ ਆਨੰਦ ਪ੍ਰਾਪਤ ਹੁੰਦਾ ਹੈ। ਪ੍ਰੰਤੂ ਮਨੁੱਖ ਨੂੰ ਸੂਝਵਾਨ ਹੋਣ ਦੇ ਨਾਤੇ ਸੰਗੀਤ ਜ਼ਿਆਦਾ ਆਨੰਦਿਤ ਕਰਦਾ ਹੈ।

ਮਨੁੱਖੀ ਜੀਵਨ ਹਮੇਸ਼ਾ ਹੀ ਸੰਗੀਤ ਤੋਂ ਪ੍ਰਭਾਵਿਤ ਹੁੰਦਾ ਆਇਆ ਹੈ। ਕਿਉਂਕਿ ਮਨੁੱਖੀ ਜੀਵਨ ਵਿਚ ਅਨੇਕ ਪ੍ਰਕਾਰ ਦੇ ਉਤਰਾਅ ਚੜ੍ਹਾਅ ਆਉਂਦੇ ਰਹਿੰਦੇ ਹਨ। ਮਨੁੱਖੀ ਜੀਵਨ ਹਰਖ-ਸੋਗ, ਖੁਸ਼ੀ ਗਮੀ ਅਤੇ ਰਾਗ-ਦਵੇਸ਼ ਆਦਿ ਦੇ ਦਵੰਦ-ਆਤਮਿਕ ਭਾਵਾਂ ਦਾ ਕੇਂਦਰ ਹੈ। ਜਿਥੇ ਇਕ ਬੰਨੇ ਜ਼ਿੰਦਗੀ ਦੀਆਂ ਜਟਿਲ ਸਮਸਿਆਵਾਂ ਮਾਨਵ ਨੂੰ ਚਿੰਤਤ ਕਰਦੀਆਂ ਰਹਿੰਦੀਆਂ ਹਨ, ਉਥੇ ਦੂਜੇ ਬੰਨੇ ਮਨੁੱਖੀ ਜੀਵਨ ਵਿਚ ਸੰਗੀਤ ਇਕ ਉਪਯੋਗੀ ਤੱਤ ਹੈ। ਮਾਨਵ ਜਦੋਂ ਸਰੀਰਕ ਅਤੇ ਮਾਨਸਿਕ ਪੱਖੋਂ ਥਕਾਵਟ ਮਹਿਸੂਸ ਕਰਦਾ ਹੈ ਤਾਂ ਕਿਸੇ ਵੀ ਸੰਗੀਤ ਮਹਿਫਲ ਵਿਚ ਚਲਾ ਜਾਏ ਤਾਂ ਉਸਨੂੰ ਬੇ ਹੱਦ ਸਕੂਨ ਮਿਲਦਾ ਹੈ। ਸੰਗੀਤ ਮਨੁੱਖੀ ਹਿਰਦੇ ਅਤੇ ਬੁੱਧੀ ਨੂੰ ਸੰਤੁਲਿਤ ਰੱਖਣ ਵਿਚ ਵਧੇਰੇ ਸਹਾਈ ਹੁੰਦਾ ਹੇ। ਸੰਗੀਤ ਮਨੁੱਖ ਨੂੰ ਰਾਖਸ਼-ਬਿਰਤੀ ਤੋਂ ਹਟਾਉਂਦਾ ਹੈ। ਸੰਗੀਤਕਾਰਾਂ ਆਚਾਰੀਆਂ-ਵਿਦਵਾਨਾਂ ਨੇ ਤਾ ਇਥੋਂ ਤੱਕ ਆਪਣੇ ਵਿਚਾਰ ਪ੍ਰਗਟਾਏ ਹਨ ਕਿ ਸੰਗੀਤ ਕਲਾ ਤੋਂ ਹੀਣੇ ਮਨੁੱਖ ਇਸ ਸੰਸਾਰ ਵਿਚ ਭਾਰ ਹਨ। ਜਿਸ ਦੀ ਪੁਸ਼ਟੀ ਕਿਸੇ ਸੰਗੀਤਕ-ਅਚਾਰੀਆਂ ਨੇ ਇਸ ਪ੍ਰਕਾਰ ਕੀਤੀ ਹੈ :

ਜੋ ਮਨੁੱਖ ਸਾਹਿਤ ਅਤੇ ਸੰਗੀਤ ਕਲਾ ਤੋਂ ਅਣਭਿੱਜ ਹੈ ਜਾਂ ਪ੍ਰੇਮ ਨਹੀਂ ਕਰਦਾ ਉਹ ਸਿੰਗਾਂ ਅਤੇ ਪੂਛ ਤੋਂ ਬਿਨਾਂ ਪਸ਼ੂ ਸਮਾਨ ਹੈ। ਸੰਗੀਤ ਨੂੰ ਮਨੁੱਖੀ ਜੀਵਨ ਵਿਚ ਅਧਿਆਤਮਿਕ ਪੁਰਸ਼ਾਂ ਵੱਲੋਂ ਪ੍ਰਭੂ ਮਿਲਾਪ ਦਾ ਸਰਵੋਤਮ ਮਾਧਿਅਮ ਮੰਨਿਆ ਜਾਂਦਾ ਰਿਹਾ ਹੈ।

ਇਸੇ ਕਰਕੇ ਪੁਰਾਣੇ ਰਿਸ਼ੀ ਮੁਨੀ ਅਤੇ ਤਪੱਸਵੀ ਮਹਾਂਪੁਰਸ਼ਾਂ ਨੇ ਸੰਗੀਤ ਮਾਧਿਅਮ ਦੁਆਰਾ ਪ੍ਰਭੂ ਦੀ ਉਸਤਤ ਗਾ ਗਾ ਕੇ ਆਪਣੇ ਪ੍ਰਭੂ ਪਿਆਰੇ ਪ੍ਰੀਤਮ ਨਾਲ ਇਕ ਸੁਰ ਹੋ ਕੇ ਅੰਤਿਮ ਲਖਸ਼ ਦੀ ਪ੍ਰਾਪਤੀ ਕਰਦੇ ਰਹੇ। ਸੰਗੀਤ ਮਾਧਿਅਮ ਰਾਹੀਂ ਮਨੁੱਖ ਦੀ ਬਿਰਤੀ ਵਿਚ ਟਿਕਾਅ ਆ ਜਾਂਦਾ ਹੈ। ਜਿਨ੍ਹਾਂ ਦੀ ਬਿਰਤੀ ਸੰਗੀਤ ਦੁਆਰਾ ਟਿਕਾਉ ਵਿਚ ਆ ਜਾਂਦੀ ਹੈ, ਅਤੇ ਸੰਗੀਤ ਨੂੰ ਪ੍ਰੇਮ ਕਰਦੇ ਹਨ, ਉਨ੍ਹਾਂ ਭਗਤਾ, ਮਹਾਂਪੁਰਸ਼ਾ ਦੀ ਉਸਤਤ ਕਰਦੇ ਹੋਏ ਭਗਵਾਨ ਵਿਸ਼ਨੂੰ ਨੇ ਨਾਰਦ ਨੂੰ ਕਿਹਾ :

"ਨਾਹ ਵਿਸਾਮਿ ਬੈਕੁੰਠ ਯੋਗਿਨਾ ਹਿਰਦੇ-ਨਦ।
ਮਦ ਭਗਤਾਹ ਯੰਤ੍ਰ ਗਾਯੰਤੇ ਤਤ੍ਰ ਤ੍ਰਿਸਠਾਮਿ ਨਾਰਦ।"

ਭਾਵ ਇਹ ਕਿ ਨਾਰਦ ਮੈਂ ਨਾ ਤਾਂ ਬੈਕੁੰਠ 'ਚ ਨਿਵਾਸ ਕਰਦਾ ਹਾਂ ਅਤੇ ਨਾ ਹੀ ਯੋਗੀਆਂ ਦੇ ਹਿਰਦੇ ਵਿਚ, ਸਗੋਂ ਮੈਂ ਉਥੇ ਨਿਵਾਸ ਕਰਦਾ ਹਾਂ, ਜਿਥੇ ਮੇਰੇ ਭਗਤ ਜਨ, ਮੇਰੇ ਗੁਣਾਂ ਦਾ ਗਾਇਨ ਕਰਦੇ ਹਨ। ਭਾਵ ਇਹ ਕਿ ਵਿਸ਼ਨੂੰ ਜੀ ਵੀ ਸੰਗੀਤ ਤੋਂ ਪ੍ਰਭਾਵਿਤ ਤੇ ਪ੍ਰਸੰਨ ਹੁੰਦੇ ਹਨ।

ਅਜਿਹੀਆਂ ਹੋਰ ਮਿਸਾਲਾਂ ਸਾਨੂੰ ਇਤਿਹਾਸ ਵਿਚੋਂ ਬਹੁਤ ਹੀ ਉਪਲਭਧ ਹਨ ਜਿਵੇਂ ਕਿ ਭਗਤੀ ਅੰਦੋਲਨ ਤੇ ਸੰਤਾਂ ਭਗਤਾ, ਸੂਫੀ, ਪੀਰਾਂ, ਫਕੀਰਾਂ, ਅਤੇ ਸਿੱਖ ਗੁਰੂ ਸਾਹਿਬਾਨਾਂ ਨੇ ਵੀ ਭਗਤੀ ਦਾ ਮਾਧਿਅਮ ਸੰਗੀਤ ਨੂੰ ਹੀ ਸਰਵੋਤਮ ਮੰਨਿਆ ਹੈ। ਇਨ੍ਹਾਂ ਦੀ ਉਚਾਰੀ ਹੋਈ ਬਾਣੀ ਵੱਖ ਵੱਖ, ਰਾਗਾਂ ਵਿਚ ਲਿਖਤ ਹੈ। ਇਹ ਸੰਗੀਤ ਦੀ ਸਭ ਤੋਂ ਸ੍ਰੇਸ਼ਟ ਤੇ ਉੱਤਮ, ਵਿਲੱਖਣ ਅਤੇ ਅਦੁੱਤੀ ਮਿਸਾਲ ਹੈ। ਸੰਗੀਤ ਦੀ ਮਹੱਤਤਾ ਨੂੰ ਸਿੱਖ ਧਰਮ ਦੇ ਪਵਿੱਤਰ ਸ੍ਰੀ ਆਦਿ ਗ੍ਰੰਥ ਸਾਹਿਬ ਵਿਚ ਗੁਰੂ ਸਾਹਿਬਾਨ, ਭਗਤਾਂ, ਭੱਟਾਂ ਅਤੇ ਗੁਰੂ ਸੇਵਕਾਂ ਨੇ ਸਰਬ ਸ੍ਰੇਸ਼ਟ ਮੰਨਦੇ ਹੋਏ ਪ੍ਰਭੂ ਦੀ ਉਸਤਤਿ ਦਾ ਗਾਇਨ ਵੱਖ ਵੱਖ ਰਾਗਾ ਵਿਚ ਕੀਤਾ। ਦੁਨੀਆਂ ਭਰ ਦੇ ਕਿਸੇ ਵੀ ਹੋਰ ਧਰਮ ਗ੍ਰੰਥ ਵਿਚ ਕੋਈ ਅਜਿਹੀ ਮਿਸਾਲ ਨਹੀਂ ਮਿਲਦੀ।

ਸੰਗੀਤ ਅਜਿਹੀ ਕੋਮਲ ਕਲਾ ਹੈ। ਜਿਸਦਾ ਆਧਾਰ

ਨਾਦ ਹੈ। ਨਾਦ ਸੂਖਮ ਅਤੇ ਸਥੂਲ ਦੋ ਕਿਸਮਾਂ ਦਾ ਮੰਨਿਆ ਜਾਂਦਾ ਹੈ, ਇਨ੍ਹਾਂ ਸੂਖਮ ਅਤੇ ਸਥੂਲ ਨਾਦਾਂ ਦੁਆਰਾ ਸਾਰੀ ਕਾਇਨਾਤ ਤੇ ਪ੍ਰਾਕ੍ਰਿਤੀ ਅਨੰਦਿਤ ਹੋ ਉਠਦੀ ਹੈ। ਮਿਸਾਲ ਵਜੋਂ ਗੁਰੂ ਨਾਲਕ ਦੇਵ ਜੀ ਆਪਣੇ ਸਾਥੀ ਭਾਈ ਮਰਦਾਨੇ ਦੀ ਰਬਾਬ ਨਾਲ ਅਲਾਹੀ ਬਾਣੀ ਦੁਆਰਾ ਪ੍ਰਭੂ ਉਸਤਤਿ ਗਾਇਨ ਕਰਦੇ ਤਾਂ ਜੰਗਲ ਵਿਚ ਮੰਗਲ ਹੋ ਜਾਂਦਾ ਅਤੇ ਆਸ ਪਾਸ ਦੇ ਸਭ ਜੀਵ ਜੰਤੂ ਚੇਤੰਨ ਹੋ ਜਾਂਦੇ ਅਤੇ ਸੰਗੀਤਕ ਧੁਨਾਂ ਨਾਲ ਅਹਿਲ ਹੋ ਜਾਂਦੇ, ਅਰਥਾਤ ਮੰਤਰ ਮੁਗਧ ਹੋ ਜਾਂਦੇ। ਜਦੋਂ ਗੁਰੂ ਨਾਨਕ ਸਾਹਿਬ ਨੇ ਭਾਈ ਮਰਦਾਨੇ ਦੀ ਰਬਾਬ ਦੀਆਂ ਤੰਤੀ ਸੁਰਾਂ ਦੇ ਸੁਮੇਲ ਨਾਲ ਅਲਾਹੀ ਬਾਣੀ ਦੇ ਸ਼ਬਦਾਂ ਦੀਆਂ ਧੁਨਾਂ ਵਿਚ ਲਿਵਲੀਨ ਹੋਏ ਤਾ ਇਸ ਅਲਾਹੀ ਸਿਫ਼ਤ ਸਲਾਹ ਦੀਆਂ ਸੰਗੀਤਕ ਤਰੰਗਾਂ ਨੂੰ ਸੁਣ ਕੇ ਸੱਜਣ ਠੱਗ ਲੁਟੇਰਿਆਂ ਨੇ ਵੀ ਆਪਣੀ ਦੁਸ਼ਟ ਤੇ ਠੱਗ ਬਿਰਤੀ ਤਿਆਗ ਕੇ ਗੁਰੂ ਸਾਹਿਬ ਦੇ ਚਰਨਾਂ ਵਿਚ ਨਮਸਕਾਰ ਕਰਕੇ ਖਿਮਾ ਮੰਗੀ ਅਤੇ ਅੱਗੋਂ ਸੱਚੇ ਸੁੱਚੇ ਆਦਰਸ਼ਕ ਜੀਵਨ ਵਾਲਾ ਬਣ ਗਏ। ਸੋ ਸਪਸ਼ਟ ਹੈ ਕਿ ਸੰਗੀਤ ਹੀ ਅਜਿਹੀ ਕਲਾ ਹੈ, ਜਿਹੜੀ ਮਨੁੱਖੀ ਜੀਵਨ ਦੇ ਸੁਧਾਰ ਲਈ ਸਰਵੋਤਮ ਸਾਧਨ ਹੈ, ਜਿਸ ਦੁਆਰਾ ਕਠੋਰਚਿਤ, ਦਾਨਵ, ਬਿਰਤੀ ਵਾਲੇ ਸੰਗੀਤ ਜਿਹੀ ਕੋਮਲ ਕਲਾ ਵਾਂਗ ਅਤੇ ਉਤਮ ਮਾਨਵ ਵਾਲੀ ਬਿਰਤੀ ਦੇ ਮਨੁੱਖ ਹੋ ਨਿਬੜਦੇ ਹਨ।

ਸੰਗੀਤ ਦੀ ਮਾਨਵ ਜੀਵਨ ਵਿਚ ਹੋਰ ਵੀ ਕਈ ਪੱਖਾਂ ਤੋਂ ਮਹੱਤਤਾ ਹੈ। ਜੀਵਨ ਨਿਰਬਾਹ ਕਰਨ ਲਈ ਰਿਸ਼ੀ ਮੁਨੀਆਂ ਵੱਲੋਂ ਧਰਮ, ਅਰਥ, ਕਾਮ ਅਤੇ ਮੋਕਸ਼ ਆਦਿ ਚਾਰ ਪਦਾਰਥਾਂ ਦੀ ਮਹੱਤਤਾ ਦਰਸਾਈ ਹੈ। ਇਨ੍ਹਾਂ ਚਾਰੇ ਪਦਾਰਥਾਂ ਦਾ ਸੰਗੀਤ ਨਾਲ ਆਪਸੀ ਸਬੰਧ ਬਹੁਤ ਨੇੜੇ ਦਾ ਹੈ। ਇਨ੍ਹਾਂ ਪਦਾਰਥਾਂ ਦੀ ਪ੍ਰਾਪਤੀ ਲਈ ਸੰਗੀਤ ਬਹੁਤ ਸਹਾਇਕ ਸਿੱਧ ਹੁੰਦਾ ਹੈ।

ਸੰਗੀਤ ਕੇਵਲ ਮਨ ਪ੍ਰਚਾਵਾ ਹੀ ਨਹੀਂ ਸਗੋਂ ਧਰਮ ਵੀ ਹੈ। ਪਿਛੋਕੜ ਵੱਲ ਝਾਤ ਮਾਰਨ ਅਤੇ ਇਤਿਹਾਸ ਤੋਂ ਜਾਣਕਾਰੀ ਮਿਲਦੀ ਹੈ ਕਿ ਵੈਦਿਕ ਕਾਲ ਵਿਚ ਮਹਾਨ ਮਹਾਨ ਯੱਗਾਂ ਵਿਚ ਸੰਗੀਤ ਦਾ ਪ੍ਰਯੋਗ ਕੀਤਾ ਜਾਂਦਾ ਸੀ। ਮੰਤਰਾ ਦਾ ਉਚਾਰਨ ਵੀ ਸੰਗੀਤਕ ਧੁਨਾਂ ਦੁਆਰਾ ਹੁੰਦੇ ਸਨ। ਜਿਸ ਦੁਆਰਾ ਧਰਮ ਵਾਲਾ ਕੰਮ ਹੋ ਜਾਂਦਾ ਹੈ। ਜਿਵੇਂ ਕਿਹਾ ਜਾਂਦਾ ਹੈ ਕਿ ਕਿਸੇ ਦੂਜੇ ਦੀ ਆਤਮਾ ਨੂੰ ਪ੍ਰਸੰਨ ਰੱਖਣਾ ਸਭ ਤੋਂ ਵੱਡਾ ਧਰਮ ਹੈ, ਕਿਉਂਕਿ ਆਤਮਾ, ਪ੍ਰਮਾਤਮਾ ਦਾ ਹੀ ਇਕ ਅੰਗ ਹੈ, ਇਸ ਲਈ ਜੇ ਆਤਮਾ ਨੂੰ ਸੰਤੁਸ਼ਟੀ ਮਿਲੇ ਤਾਂ ਮਨੁੱਖ ਖੁਸ਼ੀ ਵਿਚ ਆਨੰਦਿਤ ਹੋ ਕੇ ਪ੍ਰਮਾਤਮਾ ਦਾ ਸ਼ੁਕਰ ਕਰਦਾ ਹੈ ਅਤੇ ਵਿਸਮਾਦਿਤ ਹੋ ਉਠਦਾ ਹੈ, ਇਸ ਨਾਲ ਪਰਮ ਆਤਮਾ ਵੀ ਪ੍ਰਸੰਨ ਹੋ ਜਾਂਦੀ ਹੈ। ਜਦੋਂ ਸੰਗੀਤ ਕਾਰ ਆਪ ਸੰਗੀਤਕ ਧੁਨਾਂ ਵਿਚ ਮਸਤ ਹੋਇਆ ਲੀਨ ਹੋ ਜਾਂਦਾ ਹੈ ਤਾ ਉਸ ਦੀ ਆਤਮਾ ਆਨੰਦਿਤ ਹੋ ਜਾਂਦੀ ਹੈ ਅਤੇ ਸੁਣਨ ਵਾਲਿਆਂ ਦੀ ਆਤਮਾ ਵੀ ਪ੍ਰਸੰਨ ਹੋ ਰਹੀ ਹੁੰਦੀ ਹੈ।

ਸੰਗੀਤ ਆਰਥਿਕ ਪੱਖੋਂ ਵੀ ਬੜਾ ਮਹੱਤਵਪੂਰਨ ਹੈ ਕਿਉਂਕਿ ਜੇ ਸੰਗੀਤ ਦੀ ਚੰਗੀ ਸੂਝ ਰੱਖਣੀ ਹੋਵੇ ਤਾਂ ਅਮੀਰ ਆਰਥਿਕਤਾ ਵਾਲਾ ਹੀ ਮਨੁੱਖ ਅਥਾਹ ਖਰਚ ਕਰਕੇ ਆਪਣੇ ਸੰਗੀਤਕ ਉਸਤਾਦ ਕੋਲੋਂ ਸ਼ਾਸਤਰੀ ਅਤੇ ਕਿਰਿਆਤਮਕ ਸਿੱਖਿਆ ਪ੍ਰਾਪਤ ਕਰ ਸਕਦਾ ਹੈ। ਇਸੇ ਤਰ੍ਹਾਂ ਇਸ ਦੇ ਦੂਜੇ ਪੱਖ ਵਿਚ ਆਰਥਿਕ ਪੱਖ ਮਜ਼ਬੂਤ ਕਰਨ ਲਈ ਮਨੁੱਖ ਦੁਨੀਆਂ ਵਿਚ ਕਈ ਤਰ੍ਹਾਂ ਦੇ ਘਾਲੇ ਮਾਲੇ ਕਰਦਾ, ਪਾਪੜ ਵੇਲਦਾ ਅਤੇ ਹੱਥ ਪੈਰ ਮਾਰਦਾ ਹੈ। ਪ੍ਰੰਤੂ ਸੰਗੀਤ ਦੁਆਰਾ ਜੇ ਕੋਈ ਚੰਗਾ ਉੱਤਮ ਸੰਗੀਤਕਾਰ, ਪੈਸਾ ਕਮਾਉਣਾ ਚਾਹੇ ਤਾਂ ਬਹੁਤ ਹੀ ਧੰਨ ਪ੍ਰਾਪਤ ਕਰ ਸਕਦਾ ਹੈ। ਜਿਵੇਂ ਅਸੀਂ ਮਨੁੱਖੀ ਜੀਵਨ ਵਿਚ ਵੇਖਦੇ ਹਾਂ ਕਿ ਲੋਕ ਗਾ ਗਾ ਕੇ ਆਪਣਾ ਪੇਟ ਪਾਲਦੇ ਹਨ ਅਤੇ ਇਕੋ ਹੀ ਵਾਰੀ ਆਪਣੀ ਸੰਗੀਤਕ ਕਲਾ, ਗਾਇਕੀ ਨਾਟਕ, ਨਾਚ ਅਤੇ ਸਾਜਾਂ ਆਦਿ ਦੀ ਕਲਾ ਨੂੰ ਅਵਾਮ ਵਿਚ ਪੇਸ਼ ਕਰਕੇ ਚੰਗਾ ਚੋਖਾ ਧੰਨ ਕਮਾ ਲੈਂਦੇ ਹਨ। ਭਾਵੇਂ ਧਨ ਪ੍ਰਾਪਤੀ ਹੋਰਾਂ ਕਈ ਸਾਧਨਾਂ ਦੁਆਰਾ ਹੋ ਜਾਂਦੀ ਹੈ ਪ੍ਰੰਤੂ ਸੰਗੀਤ ਕਲਾ ਇਕ ਅਜਿਹਾ ਸਾਧਨ ਹੈ ਜਿਸ ਦੁਆਰਾ ਪਦਾਰਥਿਕ ਅਤੇ ਆਤਮਿਕ ਦੋਹਾਂ ਤਰ੍ਹਾਂ ਦੇ ਸੁੱਖਾਂ ਦੀ ਪ੍ਰਾਪਤੀ ਹੁੰਦੀ ਹੈ। ਸੰਗੀਤ ਦੀ ਮਹੱਤਤਾ ਹੋਰ ਵੀ ਇਸ ਤਰ੍ਹਾਂ ਹੈ। ਸੰਗੀਤ ਦੁਆਰਾ ਆਰਥਿਕ ਪੱਖ ਦੇ ਨਾਲ ਨਾਲ ਇੱਜ਼ਤ ਮਾਣ ਤੇ ਲੋਕਾਂ ਵੱਲੋਂ ਸਨਮਾਨ ਸਤਿਕਾਰ ਵੀ ਪ੍ਰਾਪਤ ਹੁੰਦਾ ਰਹਿੰਦਾ ਹੈ।

ਸੰਗੀਤ ਮਨੁੱਖੀ ਜੀਵਨ ਨੂੰ ਹਰਖ ਸੋਗ ਵਿਚ ਸੰਤੁਲਿਤ ਰੱਖਦਾ ਹੈ, ਮਨੁੱਖ ਗਤ ਵਿਚ ਹੋਵੇ ਉਸਨੂੰ ਬੇ ਗਮ ਕਰ ਦਿੰਦਾ ਹੈ। ਜੇ ਖੁਸ਼ੀ ਵਿਚ ਹੋਵੇ ਤਾਂ ਉਸਨੂੰ ਹੋਰ ਵੀ ਆਨੰਦਿਤ ਅਤੇ ਖੇੜਾ ਬਖਸ਼ਦਾ ਹੈ। ਬਾਕੀ ਰਹੀ ਗੱਲ, ਮੋਖਸ਼ ਦੀ, ਮੋਖਸ਼ ਅਰਥਾਤ ਮੁਕਤੀ ਦੀ। ਮੁਕਤੀ ਮਨੁੱਖੀ ਜੀਵਨ ਦਾ ਧਰਮ ਅਤੇ ਅੰਤਿਮ ਲਖਸ਼ ਹੈ। ਜਿਸ ਦੀ ਪ੍ਰਾਪਤੀ ਲਈ ਮਨੁੱਖ ਥਾਂ ਥਾਂ ਭਟਕਦਾ ਫਿਰਦਾ ਹੈ, ਅਜਿਹੀ ਭਟਕਣਾ ਸੰਗੀਤ ਨਾਲ

ਸਹਿਜੇ ਹੀ ਨਿਵਿਰਤ ਹੋ ਜਾਂਦੀ ਹੈ। ਸੰਗੀਤ ਸਰਵ ਸ੍ਰੇਸ਼ਟ ਸਾਧਨ ਹੈ-ਮੁਕਤੀ ਦਾ। ਜਿਵੇਂ ਪਹਿਲਾਂ ਵੀ ਜ਼ਿਕਰ ਕੀਤਾ ਗਿਆ ਹੈ ਕਿ ਮੁਕਤੀ ਵਾਸਤੇ ਜਾਂ ਅਧਿਆਮਤਕ ਰਹੱਸਮਈ ਜੀਵਨ ਬਣਾਉਣ ਲਈ ਪਰਮਾਤਮਾ ਦੀ ਉਸਤਤਿ ਜ਼ਰੂਰੀ ਹੈ। ਪ੍ਰਭੂ ਦੀ ਉਸਤਤਿ ਸੰਗੀਤ ਦੁਆਰਾ ਕੀਤੀ ਜਾਵੇ ਤਾਂ ਸਹਿਜੇ ਹੀ ਮੁਕਤੀ ਮਿਲ ਜਾਂਦੀ ਹੈ। ਕਿਉਂਕਿ ਜੋ ਪੁਰਾਣੇ ਰਿਸ਼ੀ ਮੁਨੀ, ਪੀਰ ਫਕੀਰ, ਗੁਰੂ ਸਾਹਿਬਾਨ ਅਤੇ ਸੰਤਾ ਭਗਤਾਂ ਆਦਿ ਸੰਗੀਤਕ ਮਾਧਿਅਮ ਦੁਆਰਾ ਪ੍ਰਭੂ ਦੀ ਉਸਤਤਿ ਗਾਇਨ ਕਰਕੇ ਮੁਕਤੀ ਦੇ ਮਾਰਗ ਵੱਲ ਪਹੁੰਚੇ।

ਸੰਗੀਤ ਮਨੁੱਖੀ ਅੰਤਹਕਰਣ ਨੂੰ ਪਵਿੱਤਰ ਤੇ ਸਾਫ਼ ਬਣਾ ਦਿੰਦਾ ਹੈ। ਅਗਿਆਨਤਾ ਤੇ ਕੂੜ ਦੀ ਦੀਵਾਰ ਮਨ ਤੋਂ ਪਰੇ ਹਟਾ ਦਿੰਦਾ ਹੈ, ਜਦੋਂ ਮਨੁੱਖੀ ਹਿਰਦਾ ਸ਼ੁਧ ਹੋ ਜਾਂਦਾ ਹੈ। ਇਸੇ ਤਰ੍ਹਾਂ ਸੰਗੀਤ ਸਾਧਕ ਦੀ ਬਿਰਤੀ ਸਹਿਜੇ ਹੀ ਮੁਕਤ ਦੁਆਰਾ ਮੋਕਲਾ ਸਹਿਜੇ ਆਵਹਿ ਜਾਉਂ ਵਾਲੀ ਹੋ ਨਿਬੜਦੀ ਹੈ ਅਤੇ ਆਪਣੇ ਪਰਮ ਲਖਸ਼ ਦੀ ਪ੍ਰਾਪਤੀ ਮਨੁੱਖ ਕਰ ਲੈਂਦਾ ਹੈ।

ਸੋ ਉਕਤ ਸਾਰੀ ਚਰਚਾ ਤੋਂ ਮਨੁੱਖੀ ਜੀਵਨ ਵਿਚ ਸੰਗੀਤ ਦੀ ਮਹੱਤਤਾ ਬਾਰੇ ਸਪਸ਼ਟ ਹੋ ਜਾਂਦਾ ਹੈ ਕਿ ਸੰਗੀਤ, ਮਨੁੱਖੀ ਜੀਵਨ ਨੂੰ ਆਦਿ ਤੋਂ ਅੰਤ ਤੱਕ ਸਰਬ ਪੱਖੀ ਵਿਕਾਸ ਦੇ ਨਾਲ ਨਾਲ ਅੰਤਮ ਛੋਹਾਂ ਤੇ ਪਹੁੰਚਾ ਦਿੰਦਾ ਹੈ। ਆਮੀਨ।

*ਪਤ੍ਰਿਕਾ 'ਵਰਿਆਮ' ਵਿਚੋਂ ਧੰਨਵਾਦ ਸਹਿਤ*

**ਲੇਖਕਾਂ ਲਈ ਜ਼ਰੂਰੀ ਬੇਨਤੀ**

'ਅੰਮ੍ਰਿਤ ਕੀਰਤਨ' ਲਈ ਵੱਧ ਤੋਂ ਵੱਧ ਕੇਵਲ ਤਿੰਨ ਪੰਨੇ ਦਾ ਲੇਖ ਹੀ ਭੇਜਿਆ ਜਾਵੇ। ਵੱਡੇ ਲੇਖ ਸੋਧ ਕੇ ਅਤੇ ਛੋਟੇ ਕਰਕੇ ਹੀ ਛਾਪੇ ਜਾ ਸਕਣਗੇ।


HELP NEEDY

SHARE THE BLESSINGS

HELP NEEDY

? TO LIVE LONG
LEAD NATURAL LIFE

? TO LIVE MEANINGFUL LIFE
JOIN TEAM HELP NEEDY

? TO LIVE FOR EVER
DONATE

• BLOOD • EYES • TISSUES • ORGANS • WHOLE BODY

A UNIQUE GIFT OF LIFE

AN ISO 9001 - 2000 CERT. TRUST

**SEWAKS' Charitable Trust (Regd.)**

Regd. Office : SCO 1104-05, First Floor, Sector 22-B, Chandigarh-160 022 (INDIA)

Tel. : 0172-5012763, 93161-36268, 98722-84141 Fax : 0172-5012763

e-mail : sewaks@sewaks-helpneedy.com website : www.sewaks-helpneedy.com

BRANCH OFFICE : 2477, STREET 15, DASHMESH NAGAR, LUDHIANA (PUNJAB) PH: 2490820, 98156-18154

✚ Medical Sewa Centre : Village Jhanjeri, P.O. Landran, Tehsil Kharar, Distt. S.A.S. Nagar (PUNJAB)
✚ Medical Sewa Centre : Lal Kothi, Village Behlon, Morni Hills, Distt. Panchkula (HARYANA)
✚ Baba Ram Singh Ji Chugh MEDICAL SEWA HOSPITAL, Vill. Gatauli, Teh. & Distt. Solan (H.P.)

IN THE SERVICE OF HUMANITY SINCE 1994

## Bhai Sumand Singh Ragi

Balwant Gargi

***Cont. from June 08, Issue***

Samund SIngh came on the stage for the first time when he was seven and sang this *shabad*: '*Kirt karam ke vichhure, kar kripa melhu Rama*'. When the learned people of those times listened to his unusual singing they predicted a great future for him. He would sing at annual religious conferences and *gurparbs*. As he grew up he took inspiration and musical knowledge from other *ragis*. Bhai Hira Singh and Sant Baba Attar Singh listened to his *kirtan* with great admiration. He was also influenced by the famous *kirtania* Bhai Sher Singh of Gujranwala and Bhai Piara Singh Rababi.

He married Bibi Daya Kaur in 1917 and settled in Nankana Sahib in 1921 where his devotional art reached its peak. A star attraction of *Gurbani durbars* of those days, he was appointed the chief *Ragi* of Nan kana Sahib Gurdwara.

He educated his four children very well. Three daughters graduated with Master's degrees. Two of them are principals of schools, one a senior teacher, and the only son Harbhajan Singh an engineer settled in America.

Samund Singh served at Nankana Sahib for seven or eight years and then started his independent *Gurbani* singing career. He charmed his listeners and filled them with spiritual *rasa*. Bade Ghulam Ali Khan, his contemporary and great singer of thumri and khayal, admired Samund Singh's musical genius for elevating the listeners to a higher plane.

Samund Singh often did a programme of the *Gurbani kirtan* at the All India Radio, Lahore. Even the Muslims would listen to the programme for its musical richness and melodic beauty. He had a large fan mail. "One such admirer was a Muslim hakeem who sent letters to my father from Lahore even after the Partition," says Harbhajan Singh. "Later on I received letters in America from that hakeem repeatedly asking about my father's programme and his musical records and tapes." Among the Sikhs there have been two styles of singing *Gurbani*. One in which *ragis* give importance to the word interspersed with explanatory sermons. Such *ragis* are quite successful with

the devotees. The other type lays emphasis on singing and gives secondary place to the word. But Bhai Samund Singh combined the two elements of word and music with such melodic richness that he created a new awareness and magical attraction of *Gurbani*. A master of *tan palta* and rhythm, he never allowed his singing to submerge the word. He said, "The *raga* adds *rasa* to the *Gurbani*. The more you refine it the greater will be the *rasa*."

During the Partition leaving all his property behind, he had to flee. But he carried with him the *tanpura* on which he played and did the *riaz*. He came to Amritsar, stayed there for two years and settled in Ludhiana. He did not accept any employment in any Gurdwara though he was offered the position of senior *ragi* at Amritsar in Harimandir Sahib. He was a, free spirit and did not like the pressures of permanent employment. "He lived by the power of his lung", says his son Harbhajan Singh who is endowed with great musical sensitivity and knowledge of the *Gurbani*. "He did not like to bargain for his kirtan. He would leave it to the *sangat* or the committee and accept the offered money as a blessing of the Guru."

Samund Singh believed that the *Gurbani kirtan* should be according to the rules of *ragas* and *talas* prescribed by the Gurus. The Gurus had great knowledge of music and composed the *Bani* in an inspired emotion and time-frame. To Samund Singh, words and music were inseparable. But today while studying *Gurbani* many researchers and teachers are totally ignorant of its musical elements and emotional metaphysics. Music not only adds another dimension but injects light into the word and heightens its literary and spiritual meaning. Bhai Kahan Singh of Nabha in his *Mahankosh* defines *kirtan*: "*Kirtan* is to celebrate and sing the virtues of *Waheguru* in the *ragas*." In the "Sikh Sacred Music", Bhai Sahib's singing of the *Bani* is described in these words: "He sings in simplified classical mould, and balances the emotional effect of the music with the spiritual appeal of the word by repeating the phrases with subtle variations. He has a melodious voice of considerable flexibility. His rendering of *Sbabads* excels in lyrical refinement. He sings in medium tempo, creating the illusion of a placid flow of a stream." According to Samund Singh, a *Ragi* should have these qualities: high moral character, love for the *Bani*, should understand the meaning of the word, clear pronunciation, deep

knowledge of the classical ragas and the tradition, should also understand the literary, metaphysical and spiritual elements of the *Bani*. Only then can a *Bani* singer be called a real *kirtania*. Samund Singh had these qualities to perfection.

When he did the *kirtan* he visualised the presence of the Guru believing that he was listening to his *kirtan*. For him the *kirtan* at Nankana Sahib was not a job but a way of life. He lived and breathed the *kirtan*, the *Gurbani*, and this was his avocation as well as his vocation. While doing the *kirtan* sometimes he was moved to tears in ecstacy, specially when he sang about the separation from the Guru, yearning for His *darshan* and for reunion. He made this metaphysical truth a physical reality with such feeling that the audience would be moved to tears and sobs.

□ □ □ □ □

Music has been given a great place in the Sikh *dharma* and the Gurus made music the medium for communicating their spiritual message. Guru Nanak composed, his heavenly hymns to the accompaniment of the notes of the *rabab* played by his disciple-friend, Bhai Mardana. In the *Janamsakhis* these words appear again and again *"Mardania, rabab chher!"* (0 Mardana! strike the notes on the *rabab*.) The *rabab* notes transported Guru Nanak to his creative spiritual world. In *Gurbani* the *shabads* specifically mention the *raga* and the *tala* because the Gurus had deep knowledge and metaphysical understanding of the power of music. The *Bani* set in music is meant to be sung in a particular way. Its deep soul-stirring notes, full of yearnings have assumed a special *kirtan* style associated with the Sikh scriptures. This singing style perfected through centuries has a distinct flavour and spiritual import and has become an essential and basic worship form of the Almighty. *Kirtan* has been called Nirmolik Heera (an invaluable diamond). Also it has been given a very high place *Kalyug meh kirtan pardhana*. Praising the spiritual power of the *kirtan*, it has been called *Taha baikunth jeh kirtan tera* (Your *kirtan* is as good as heaven) and also it has been a medium of *mukti*, the medium to achieve salvation; *Kar kirtan hoe udhar* (One who does kirtan achieves salvation). Samund Singh was one of the rare exponents of this *kirtan* tradition and made a spiritual landmark as the great *ragi*, rich In the pure classical style of *Gurbani*.

*Courtesy "The Great Artists of Punjab"*

***To be Continued***

# ਸੁਰ ਲਿਪੀ

ਹਰਦੀਪ ਕੌਰ

**ਰਾਗੁ ਮਾਰੂ**

ਖਮਾਜ ਥਾਟ ਤੋਂ ਰਚਿਤ ਰਾਗ ਮਾਰੂ ਇਕ ਕਠਿਨ, ਪੁਰਾਤਨ, ਪ੍ਰਸਿਧ ਅਤੇ ਬੀਰ ਰਸ ਪ੍ਰਧਾਨ ਰਾਗ ਯੁੱਧ ਅਤੇ ਚਲਾਣੇ ਸਮੇਂ ਦਿਨ ਦੇ ਤੀਜੇ ਪਹਿਰ ਗਾਇਆ ਜਾਂਦਾ ਹੈ ਅਤੇ ਇਸ ਵਿਚ ਦੋਵੇਂ ਨਿਸ਼ਾਦ ਅਤੇ ਬਾਕੀ ਸੁਰ ਸ਼ੁੱਧ ਲਗਦੇ ਹਨ, ਇਸ ਲਈ ਜਾਤੀ ਰਿਸ਼ਭ ਅਤੇ ਧੈਵਤ ਵਰਜਿਤ ਹਨ। ਅਵਰੋਹ ਵਿਚ ਸਾਰੇ ਸੁਰ ਲਗਦੇ ਹਨ। ਆਰੋਹ ਵਿਚ ਰਿਸ਼ਭ ਅਤੇ ਧੈਵਤ ਵਰਜਿਤ ਹਨ। ਅਵਰੋਹ ਵਿਚ ਸਾਰੇ ਸੁਰ ਲਗਦੇ ਹਨ, ਇਸ ਲਈ ਜਾਤੀ ਔਡਵ ਸੰਪੂਰਣ ਹੈ। ਇਸ ਦਾ ਵਾਦੀ ਸੁਰ ਗੰਧਾਰ ਅਤੇ ਸੰਵਾਦੀ ਨਿਸ਼ਾਦ ਹੈ। ਇਸ ਦਾ ਵਿਸਥਾਰ ਮੱਧ ਅਤੇ ਤਾਰ ਸੱਪਤਕ ਵਿਚ ਕੀਤਾ ਜਾਂਦਾ ਹੈ। ਇਹ ਇਕ ਅਲਾਪ ਪ੍ਰਧਾਨ ਰਾਗ ਹੈ। ਤਾਨ ਪਲਟੇ ਲਾਉਣ ਨਾਲ ਇਸ ਦੇ ਵੈਰਾਗ ਮਈ ਰੂਪ ਦੀ ਮਹੱਤਤਾ ਘੱਟ ਹੋ ਜਾਂਦੀ ਹੈ।

**ਥਾਟ** ਖਮਾਜ (ਦੋਵੇਂ 'ਨ')

**ਜਾਤੀ** ਔਡਵ ਸੰਪੂਰਣ (ਆਰੋਹ ਵਿਚ 'ਰ' ਅਤ 'ਧ' ਵਰਜਿਤ)

**ਸਮਾਂ** ਦਿਨ ਦਾ ਤੀਸਰਾ ਪਹਿਰ

**ਵਾਦੀ** ਗ **ਸੰਵਾਦੀ** ਨ

**ਆਰੋਹ** ਸਗ, ਗਮ, ਪ ਨ ਸਂ।

**ਅਵਰੋਹ** ਸਂ ਨੁ ਧ ਪ, ਮ ਗ, ਰ ਸ।

**ਮੁੱਖ ਅੰਗ** ਸ ਗ, ਗਮ, ਪ ਧਨ, ਧਪ ਨ ਸਂ ਨੁ, ਧਪ, ਪਧਪਮ, ਪ ਗ, ਰਸ।

ਰੂਪਕ ਤਾਲ

| × | | | ੨ | | ੩ | | × | | ੨ | | ੩ | | |
|---|---|---|---|---|---|---|---|---|---|---|---|---|---|
| 1 | 2 | 3 | 4 | 5 | 6 | 7 | 1 | 2 | 3 | 4 | 5 | 6 | 7 |
| ਸਥਾਈ | | | | | | | | | | | | | |
| ਸ | ਸ | ਸ | ਗ | ਗ | ਮ | ਮ | ਪ | ਮ | ਧ | ਪ | ਮ | ਗਰ | ਸ |
| *ਹ* | *ਰਿ* | *ਕੋ* | *ਨਾ* | *ऽ* | *ਮੁ* | *ਸ* | *ਦਾ* | *ऽ* | *ਸੁਖ* | *ਦਾ* | *ऽ* | *ਈऽ* | *ऽ* |
| S | S | S | G | G | M | M | P | M | D | P | M | GR | S |
| ***HA*** | ***R*** | ***KO*** | ***NAA*** | - | ***M*** | ***SA*** | ***DAA*** | - | ***SUKH*** | ***DAA*** | - | ***EE-*** | - |
| ਗ | ਗ | ਮ | ਪ | ਪ | ਨ | ਨ | ਸਂ | ਸਂ | ਸਂ | ਨੁਧ | ਨੁ | ਧ | ਪ |
| *ਜਾ* | *ऽ* | *ਕਉ* | *ਸਿ* | *ਮ* | *ਰਿ* | *ਅ* | *ਜਾ* | *ਮਾ* | *ਲੁ* | *ਉੁऽ* | *ਧ* | *ਰਿ* | *ੳ* |
| G | G | M | P | P | N | N | Ṡ | Ṡ | Ṡ | ND | N | D | P |
| ***JAA*** | - | ***KAO*** | ***SI*** | ***MA*** | ***R*** | ***A*** | ***JAA*** | ***MA*** | ***L*** | ***U-*** | ***DHAA*** | ***RI*** | ***O*** |
| ਨ | ਨ | ਨ | ਸਂ | ਸਂ | ਨੁਧ | ਪ | ਮ | ਧ | ਪ | ਮ | ਗ | ਰ | ਸ |
| *ਗ* | *ਨਿ* | *ਕਾ* | *ਹੂ* | *ऽ* | *ਗ* | *ਤਿ* | *ਪਾ* | *ऽ* | *ऽ* | *ਈ* | *ऽ* | *ऽ* | *ऽ* |
| N | N | N | Ṡ | Ṡ | ND | P | M | D | P | M | G | R | S |
| ***GA*** | ***NI*** | ***KAA*** | ***HOO*** | - | ***GA-*** | ***T*** | ***PAA*** | - | - | ***EE*** | - | - | - |

ਅੰਤਰਾ

| | | | | | | | | | | | | | |
|---|---|---|---|---|---|---|---|---|---|---|---|---|---|
| ਗ | ਗ | ਮ | ਪ | ਪ | ਨ | ਨ | ਸਂ | ਸਂ | ਸਂ | ਰਂ | ਨ | ਸਂ | ਸਂ |
| ***ਪੰ*** | ***ऽ*** | ***ਚਾ*** | ***ਲੀ*** | ***ऽ*** | ***ਕ*** | ***ਉ*** | ***ਰਾ*** | ***ਜ*** | ***ਸ*** | ***ਭਾ*** | ***ऽ*** | ***ਮ*** | ***ਹਿ*** |
| G | G | M | P | P | N | N | S | S | S | R | N | S | S |
| ***PAN*** | - | ***CHAA*** | ***LEE*** | - | ***KA*** | ***O*** | ***RAA*** | ***JA*** | ***SA*** | ***BHAA*** | - | ***ME*** | ***H*** |
| ਗਂ | ਗਂ | ਮਂ | ਗਂ | ਰਂ | ਸਂ | ਸਂ | ਨ | ਸਂ | ਸਂ | ਨੁ | ਧ | ਪ | ਪ |
| ***ਰਾ*** | ***ਮ*** | ***ਨਾ*** | ***ऽ*** | ***ਮ*** | ***ਸੁ*** | ***ਧਿ*** | ***ਆ*** | ***ऽ*** | ***ऽ*** | ***ਈ*** | ***ऽ*** | ***ऽ*** | ***ऽ*** |
| G | G | M | G | R | S | S | N | S | S | N | D | P | P |
| ***RAA*** | ***M*** | ***NAA*** | - | ***M*** | ***SU*** | ***DH*** | ***AA*** | - | - | ***EE*** | - | - | - |

# ਸੁਰ-ਲਿਪੀ ਵਾਲੇ ਸ਼ਬਦ ਦੇ ਅਰਥ

ਮਾਰੂ ਮਹਲਾ ੯ ॥
੧ੴ ਸਤਿਗੁਰ ਪ੍ਰਸਾਦਿ ॥

| | | |
|---|---|---|
| ਹਰਿ ਕੋ ਨਾਮੁ ਸਦਾ ਸੁਖਦਾਈ ॥ ਜਾ ਕਉ ਸਿਮਰਿ ਅਜਾਮਲੁ ਉਧਰਿਓ ਗਨਿਕਾ ਹੂ ਗਤਿ ਪਾਈ ॥੧॥ ਰਹਾਉ ॥ | The Name of the Lord is forever the Giver of peace. Meditating in remembrance on it, Ajaamal was saved, and Ganika the prostitute was emancipated. \|\|1\|\| Pause\|\| | ਹੇ ਭਾਈ! ਪ੍ਰਮਾਤਮਾ ਦਾ ਨਾਮ ਸਦਾ ਆਤਮਕ ਆਨੰਦ ਦੇਣ ਵਾਲਾ ਹੈ, ਜਿਸ ਨਾਮ ਨੂੰ ਸਿਮਰ ਕੇ ਅਜਾਮਲ ਵਿਕਾਰਾਂ ਤੋਂ ਬਚ ਗਿਆ ਸੀ, (ਇਸ ਨਾਮ ਨੂੰ ਸਿਮਰ ਕੇ) ਵੇਸੁਆ ਨੇ ਭੀ ਉੱਚੀ ਆਤਮਕ ਅਵਸਥਾ ਹਾਸਲ ਕਰ ਲਈ ਸੀ। ੧॥ ਰਹਾਉ। |
| ਪੰਚਾਲੀ ਕਉ ਰਾਜ ਸਭਾ ਮਹਿ ਰਾਮ ਨਾਮ ਸੁਧਿ ਆਈ ॥ ਤਾ ਕੋ ਦੂਖੁ ਹਰਿਓ ਕਰੁਣਾਮੈ ਅਪਨੀ ਪੈਜ ਬਢਾਈ ॥1 ॥ | Dropadi the princess of Panchaala remembered the Lord's Name in the royal court. The Lord, the embodiment of mercy, removed her suffering; thus His own glory was increased.\|\|1\|\| | ਹੇ ਭਾਈ! ਦੁਰਯੋਧਨ ਦੇ ਰਾਜ ਦਰਬਾਰ ਵਿਚ ਦ੍ਰੋਪਦੀ ਨੇ (ਭੀ) ਪਰਮਾਤਮਾ ਦੇ ਨਾਮ ਦਾ ਧਿਆਨ ਧਰਿਆ ਸੀ, ਤੇ ਤਰਸ ਸਰੂਪ ਪਰਮਾਤਮਾ ਨੇ ਉਸ ਦੇ ਦੁੱਖ ਦੂਰ ਕੀਤਾ ਸੀ, (ਤੇ ਇਸ ਤਰ੍ਹਾਂ) ਆਪਣਾ ਨਾਮਣਾ ਵਧਾਇਆ ਸੀ। ੧। |
| ਜਿਹ ਨਰ ਜਸੁ ਕਿਰਪਾ ਨਿਧਿ ਗਾਇਓ ਤਾ ਕਉ ਭਇਓ ਸਹਾਈ ॥ ਕਹੁ ਨਾਨਕ ਮੈ ਇਹੀ ਭਰੋਸੈ ਗਹੀ ਆਨਿ ਸਰਨਾਈ ॥੨॥੧॥ (ਪੰਨਾ 1008) | That man, who sings the Praise of the Lord, the treasure of mercy, has the help and support of the Lord. Says Nanak, I have come to rely on this. I seek the Sanctuary of the Lord.\|\|2\|\|1\|\| | ਹੇ ਭਾਈ! ਜਿਨ੍ਹਾਂ ਭੀ ਬੰਦਿਆਂ ਨੇ ਕਿਰਪਾ ਦੇ ਖ਼ਜ਼ਾਨੇ ਪਰਮਾਤਮਾ ਦੀ ਸਿਫਤਿ-ਸਾਲਾਹ ਕੀਤੀ, ਪਰਮਾਤਮਾ ਉਨ੍ਹਾਂ ਨੂੰ ਮਦਦਗਾਰ (ਹੋ ਕੇ) ਬਹੁੜਿਆ। ਹੇ ਨਾਨਕ! ਆਖ - ਮੈਂ ਭੀ ਇਸੇ ਹੀ ਭਰੋਸੇ ਤੇ ਆ ਕੇ ਪ੍ਰਮਾਤਮਾ ਦੀ ਹੀ ਸਰਨ ਲਈ ਹੈ। ੨।੧। |